ਕੌਣ ਹੈ ਜੋ ਉਸਦੀ ਇਜਾਜਤ ਤੋਂ ਬਿਨਾਂ ਉਸਦੇ ਅੱਗੇ
ਕਿਸੇ ਦੀ ਸਿਫਾਰਸ਼ ਕਰ ਸਕੇ ?
ਅਲ-ਕੁਰਆਨ 2:255

ਸਫ਼ਆਤ

ਇੱਕ ਸਮਾਂ ਅਜਿਹਾ ਆਵੇਗਾ ਕਿ ਕਾਫ਼ਿਰ ਲੋਕ ਵੀ
ਕਾਮਨਾ ਕਰਨਗੇ, ਹੇ ਕਾਸ਼! ਉਹ ਵੀ ਮੁਸਲਮਾਨ ਹੁੰਦੇ।
ਅਲ ਕੁਰਆਨ 15:2

ਜਾਅਲੀ ਪੀਰਾਂ - ਅਖੌਤੀ ਵਲੀਆਂ
ਅਤੇ ਕਬਰ ਪਰਸਤ ਮੁਜਾਵਰਾਂ ਤੋਂ
ਆਪਣੀ ਦੁਨੀਆਂ ਅਤੇ ਆਖ਼ਿਰਤ
ਬਚਾਓ । ਸਫ਼ਆਤ ਦਾ ਸਹੀ
ਅਕੀਦਾ ਮਨਹਜ ਏ ਸਲਫ਼ ਦੇ
ਅਨੁਸ਼ਾਰ ਅਪਣਾਓ।

ਵਿਸ਼ਾ ਸੂਚੀ

بِسۡمِ ٱللَّهِ ٱلرَّحۡمَٰنِ ٱلرَّحِيمِ

ਸ਼ਫ਼ਆਤ ਦਾ ਅਰਥ

ਸ਼ਫ਼ਆਤ (ਸਿਫਾਰਸ਼) -ਕਿਸੇ ਦੀ ਸਿਫਾਰਸ਼ ਕਰਨਾ ਤਾਂ ਜੋ ਉਹ ਕੋਈ ਨਫ਼ਾ ਜਾਂ ਫਾਇਦਾ ਹਾਸਿਲ ਕਰ ਲਵੇ ਜਾਂ ਉਸਦੀ ਕੋਈ ਦੁੱਖ ਤਕਲੀਫ਼ ਦੂਰ ਹੋ ਜਾਵੇ ।

ਸਿਫਾਰਸ਼ ਕਰਨ ਵਾਲਾ ਜਰੂਰਤ ਮੰਦ ਅਤੇ ਜਰੂਰਤ ਪੂਰੀ ਕਰਨ ਵਾਲੇ ਦੇ ਦਰਮਿਆਨ ਵਾਸਤਾ ਹੁੰਦਾ ਹੈ।

ਸ਼ਫ਼ਆਤ ਦੀਆਂ ਕਿਸਮਾਂ

ਸ਼ਫ਼ਆਤ ਦੇ ਬਾਰੇ ਕੁਰਆਨ ਵਿੱਚ 2 ਤਰਾਂ ਦੀਆਂ ਆਇਤਾਂ ਆਈਆਂ ਹਨ

1. ਉਹ ਆਇਤਾਂ ਜਿਨ੍ਹਾਂ ਵਿੱਚ ਸ਼ਫ਼ਆਤ ਦੀ ਨਫ਼ੀ ਕੀਤੀ ਗਈ ਹੈ ਕੇ ਫੈਸਲੇ (ਹਿਸਾਬ-ਕਿਤਾਬ) ਦੇ ਦਿਨ ਕੋਈ ਸਿਫਾਰਸ਼ ਨਹੀਂ ਹੋਵੇਗੀ ਉਹ ਜੋ ਅੱਲ੍ਹਾ ਤੋਂ ਬਿਨਾਂ ਕਿਸੇ ਹੋਰ ਤੋਂ ਮੰਗੀ ਜਾਂਦੀ ਹੈ, ਜਦਕਿ ਅੱਲ੍ਹਾ ਤੋਂ ਇਲਾਵਾ ਕੋਈ ਵੀ ਅਜਿਹਾ ਕਰਨ ਦੇ ਯੋਗ ਨਹੀਂ ਹੈ.

ਇਸਨੂੰ ਮਨਫ਼ੀ ਸ਼ਫ਼ਆਤ (ਨਕਾਰਾਤਮਕ ਸਿਫਾਰਸ਼) ਕਹਿੰਦੇ ਹਨ ।

2. ਉਹ ਆਇਤਾਂ ਜਿਹਨਾਂ ਵਿੱਚ ਕੁੱਝ ਸ਼ਰਤਾਂ ਲਗਾ ਕੇ ਸ਼ਫ਼ਆਤ ਦਾ ਇਸਬਾਤ ਕੀਤਾ ਗਿਆ ਹੈ ।

ਇਸਨੂੰ ਮੁਸਬਤ ਸ਼ਫ਼ਆਤ (ਸਕਾਰਾਤਮਕ ਸਿਫਾਰਸ਼) ਕਹਿੰਦੇ ਹਨ ।

1. ਮਨਫ਼ੀ ਸਫ਼ਆਤ (ਨਕਾਰਾਤਮਕ ਸਿਫਾਰਸ਼)

ਮੁਸ਼ਰੀਕੀਨ ਇਹ ਅਕੀਦਾ (ਨਜ਼ਰੀਆ) ਰੱਖਦੇ ਸਨ , ਕੇ ਜਿਹੜੇ ਝੂਠੇ ਮਾਅਬੂਦਾਂ ਦੀ ਉਹ ਇਬਾਦਤ ਕਰਦੇ ਸਨ , ਉਹ ਉਹਨਾਂ ਦੇ ਅੱਲਾਹ ਅੱਗੇ ਸਿਫ਼ਾਰਸ਼ੀ ਹਨ। ਅਤੇ ਉਹ ਉਹਨਾਂ ਦੀ ਇਬਾਦਤ ਇਸ ਲਈ ਕਰਦੇ ਹਨ ਤਾਂ ਜੋ ਉਹ ਇਸ਼ਟ ਇਹਨਾਂ ਨੂੰ ਅੱਲਾਹ ਦੇ ਕਰੀਬ ਕਰ ਦੇਣ ।

[ਅਤੇ ਅੱਜ ਵੀ ਬਹੁਤ ਸਾਰੇ ਲੋਕ ਜਾਅਲੀ ਪੀਰਾਂ, ਅਖੌਤੀ ਵਲੀਆਂ ਅਤੇ ਦਰਵੇਸ਼ਾਂ, ਪੱਕੀਆਂ ਕਬਰਾਂ ਅਤੇ ਮਜਾਰਾਂ ਤੇ ਬੇਠੈ ਕਬਰਪਰਸਤ ਮੁਜਾਵਰਾਂ ਦੇ ਮੁਰੀਦ ਬਣ ਜਾਂਦੇ ਹਨ , ਅਤੇ ਇਹ ਖਿਆਲ ਕਰਦੇ ਹੋਏ, ਬਹੁਤ ਸਾਰੇ ਸ਼ਿਰਕੀਆ ਅਤੇ ਕੁਫ਼ਰੀਆ ਅਮਲ ਅੰਜਾਮ ਦਿੰਦੇ ਹਨ, ਕੇ ਇਹ ਜਿੰਦਾ-ਮੁਰਦਾ, ਸੂਫ਼ੀ-ਜਾਅਲੀ ਪੀਰ ਕਿਆਮਤ ਵਾਲੇ ਦਿਨ ਇਹਨਾਂ ਦੀ ਸਿਫ਼ਾਰਸ਼ ਕਰਨਗੇ । ਅਤੇ ਦੁਨੀਆਂ ਵਿੱਚ ਇਹਨਾਂ ਨੂੰ ਰੱਬ ਦੇ ਨਜ਼ਦੀਕ ਕਰ ਦੇਣਗੇ।
ਅਤੇ ਇਹਨਾਂ ਦਾ ਪੱਲਾ ਫੜਕੇ ਅਸੀਂ ਜੰਨਤ ਵਿੱਚ ਚਲੇ ਜਾਂਵਾਂਗੇ । ਇਹ ਉਸੇ ਤਰਾਂ ਦੀਆਂ ਗੱਲਾਂ ਹਨ ਜੋ ਮੱਕੇ ਦੇ ਮੁਸ਼ਰੀਕੀਨ ਕਰਿਆ ਕਰਦੇ ਸੀ ।

ਇਹ ਤਾਗੂਤ-ਸ਼ੈਤਾਨ ਦੇ ਚੇਲੇ ਪੀਰ ,ਭੋਲੇ ਭਾਲੇ ਲੋਕਾਂ ਨੂੰ ਇਸ ਤਰਾਂ ਦੀਆਂ ਮਨਘੜਤ ਗੱਲਾਂ ਕਰਕੇ ਆਪਣੇ ਝਾਂਸੇ ਵਿੱਚ ਫਸਾਉਂਦੇ ਹਨ ਕਿ ਜਿਸਦਾ ਕੋਈ ਪੀਰ ਨਹੀਂ ਹੁੰਦਾ ਤਾਂ ਉਸਦਾ ਪੀਰ ਸ਼ੈਤਾਨ ਹੁੰਦਾ ਹੈ ,ਅਤੇ ਕਿਆਮਤ ਦਿਹਾੜੇ ਅਸੀਂ ਤੁਹਾਨੂੰ ਹੱਥ ਤੋਂ ਫੜਕੇ ਜੰਨਤ ਵਿੱਚ ਲੈ ਜਾਂਵਾਂਗੇ ਵਗ਼ੈਰਾ-ਵਗ਼ੈਰਾ ।
ਇਹ ਲੋਕ ਆਪਣੇ ਸ਼ਿਰਕ ਦੇ ਅੱਡਿਆਂ ਤੇ ਮੇਲੇ ,ਉਰਸ ,ਕਵਾਲੀਆਂ , ਚੌਂਕੀਆਂ ਆਦਿ ਦਾ ਪ੍ਰਬੰਧ ਕਰਕੇ ਮਰਦਾਂ ਦਾ ਆਰਥਿਕ ਸੋਸ਼ਣ ਅਤੇ ਔਰਤਾਂ ਦਾ ਸ਼ਰੀਰਕ ਸੋਸ਼ਣ ਕਰਦੇ ਹਨ ।

ਇਸ ਲਈ ਅਜਿਹੇ ਲੋਕਾਂ ਤੋਂ ਖ਼ੁਦ ਆਪਣੇ ਆਪ ਨੂੰ ਅਤੇ ਆਪਣੇ ਸਕੇ ਸਬੰਧੀਆਂ ਨੂੰ ਬਚਾਓ ਅਤੇ ਆਪਣੀ ਦੁਨੀਆਂ ਅਤੇ ਆਖ਼ਿਰਤ ਸੰਵਾਰਨ ਲਈ ਸਹੀ ਅਕੀਦਾ (ਕੁਰਆਨ-ਹਦੀਸ-ਫ਼ਹਿਮ ਏ ਸਲਫ਼ ਦੇ ਅਨੁਸ਼ਾਰ) ਅਤੇ ਦੀਨ ਏ ਇਸਲਾਮ ਉੱਪਰ ਸਹੀ ਤਰੀਕੇ ਨਾਲ ਅਮਲ ਪੈਰਾ ਹੋਣ ਲਈ ਮਨਹਜ ਏ ਸਲਫ਼ ਅਪਣਾਓ]

ਤਾਂ ਇਸ ਬਾਤਿਲ ਨਜ਼ਰੀਏ ਦਾ ਰੱਦ ਕਰਦੇ ਹੋਏ ਅੱਲਾਹ ਤਾਅਲਾ ਨੇ ਕੁਰਆਨ ਵਿੱਚ ਕਈ ਜਗ੍ਹਾ ਇਸ ਤਰਾਂ ਦੀ ਸਿਫਾਰਸ਼ ਦੀ ਨਫ਼ੀ ਕੀਤੀ ਹੈ। ਅਤੇ ਅੱਜ ਵੀ ਬਹੁਤ ਸਾਰੇ ਲੋਕ ਇਸੇ ਬਾਤਿਲ ਅਕੀਦੇ ਨਾਲ ਲੱਥ-ਪੱਥ ਹਨ

ਕੁਰਆਨ ਵਿੱਚ ਮਨਫ਼ੀ ਸਫ਼ਆਤ ਦਾ ਰੱਦ

ਅਤੇ ਇਹ ਲੋਕ ਅੱਲ੍ਹਾ ਨੂੰ ਛੱਡ ਕੇ ਅਜਿਹੀਆਂ ਚੀਜ਼ਾਂ ਦੀ ਇਬਾਦਤ ਕਰਦੇ ਹਨ ਜੋ ਨਾ ਤਾਂ ਉਨ੍ਹਾਂ ਨੂੰ ਕੁੱਝ ਨੁਕਸਾਨ ਪਹੁੰਚਾ ਸਕਦੀਆਂ ਹਨ ਅਤੇ ਨਾ ਹੀ ਕੋਈ ਨਫ਼ਾ ਅਤੇ ਆਖਦੇ ਹਨ ਕਿ ਉਹ ਤਾਂ ਅੱਲ੍ਹਾ ਕੋਲ ਸਾਡੇ ਸਿਫ਼ਾਰਸ਼ੀ ਹਨ (ਏ ਨਬੀ (ਸ.ਅ.ਵ)) ਕਹੋ: ਕੀ ਤੁਸੀਂ ਅੱਲ੍ਹਾ ਨੂੰ ਉਸ ਚੀਜ਼ ਦੀ ਸੂਚਨਾ ਦਿੰਦੇ ਹੋ ਜੋ ਅੱਲ੍ਹਾ ਨਹੀਂ ਜਾਣਦਾ? ਨਾ ਅਸਮਾਨਾਂ ਵਿਚ ਅਤੇ ਨਾ ਹੀ ਧਰਤੀ ਵਿਚ ਉਹ ਇਨ੍ਹਾਂ ਲੋਕਾਂ ਦੇ ਸ਼ਿਰਕ ਤੋਂ ਪਾਕ ਅਤੇ ਉੱਤਮ (ਉੱਚਾ) ਹੈ ।
ਅਲ ਕੁਰਆਨ 10:18

ਖ਼ਬਰਦਾਰ ਇਬਾਦਤ ਤਾਂ ਖਾਲਿਸ ਅੱਲਾਹ ਲਈ ਹੀ ਹੈ ।ਅਤੇ ਜਿਨ੍ਹਾਂ ਲੋਕਾਂ ਨੇ ਅੱਲਾਹ ਤੋਂ ਇਲਾਵਾ ਦੂਸਰੇ ਔਲੀਆ (ਮਦਦਗਾਰ,ਸਹਾਇਕ,ਬਚਾਉਣ ਵਾਲੇ) ਬਣਾ ਰੱਖੇ ਹਨ (ਜਿਹਨਾਂ ਦੀ ਉਹ ਇਬਾਦਤ ਕਰਦੇ ਹਨ) (ਉਹਨਾਂ ਬਾਰੇ ਆਖਦੇ ਹਨ)

ਕੇ ਅਸੀਂ ਇਹਨਾਂ ਦੀ ਇਬਾਦਤ ਸਿਰਫ਼ ਇਸ ਲਈ ਕਰਦੇ ਹਾਂ ਕਿ ਇਹ ਸਾਨੂੰ ਅੱਲਾਹ ਦੇ ਕਰੀਬ ਕਰ ਦੇਣਗੇ ਅੱਲ੍ਹਾ ਇਸ ਬਾਰੇ ਸੱਚਾਈ ਦਾ ਫੈਸਲਾ ਕਰੇਗਾ ਕਿ ਜਿਸ ਬਾਰੇ ਇਹ ਲੋਕ (ਇਖ਼ਤੀਲਾਫ) ਕਰ ਰਹੇ ਹਨ ,ਝੂਠੇ ਅਤੇ ਨਾਸ਼ੁਕਰੇ ਲੋਕਾਂ ਦੀ ਅੱਲਾਹ ਰਹਿਨੁਮਾਈ ਨਹੀਂ ਕਰਦਾ ।

ਅਲ ਕੁਰਆਨ 39:3

ਕੀ ਇਨ੍ਹਾਂ ਲੋਕਾਂ ਨੇ ਅੱਲ੍ਹਾ ਨੂੰ ਛੱਡ ਕੇ ਹੋਰ ਸਿਫ਼ਾਰਸ਼ੀ ਬਣਾ ਰੱਖੇ ਹਨ? ਤੁਸੀਂ ਆਖੋ! ਭਾਵੇਂ ਕੇ ਨਾ ਤਾਂ ਉਨ੍ਹਾਂ ਕੋਲ ਕੋਈ ਅਧਿਕਾਰ (ਇਖਤਿਆਰ) ਹੈ ਅਤੇ ਨਾ ਹੀ ਸਮਝ ।

ਅਲ ਕੁਰਆਨ 39:43

(ਆਖ਼ਿਰਕਾਰ) ਯਕੀਨਨ ਤੁਸੀਂ ਸਾਡੇ ਕੋਲ ਇਸ ਤਰਾਂ ਇਕੱਲੇ ਇਕੱਲੇ ਆਏ ਹੋ,ਜਿਵੇਂ ਅਸੀਂ ਤੁਹਾਨੂੰ ਪਹਿਲੀ ਵਾਰ ਪੈਦਾ ਕੀਤਾ ਸੀ ਅਤੇ ਜੋ ਕੁੱਝ ਵੀ (ਮਾਲ,ਔਲਾਦ, ਸਾਜ-ਸਮਾਨ) ਅਸੀਂ ਤੁਹਾਨੂੰ ਅਤਾ ਕੀਤਾ ਸੀ ਉਹ ਤੁਸੀਂ ਪਿੱਛੇ ਛੱਡ ਆਏ ਹੋ। ਅਤੇ ਅਸੀਂ ਤੁਹਾਡੇ ਨਾਲ ਤੁਹਾਡੇ ਉਹਨਾਂ ਸਿਫ਼ਾਰਸ਼ੀਆਂ ਨੂੰ ਵੀ ਨਹੀਂ ਦੇਖਦੇ ਜਿਹਨਾਂ ਬਾਰੇ ਤੁਸੀਂ ਇਹ ਦਾਅਵਾ ਕਰਦੇ ਸੀ ਕਿ ਇਹ ਤੁਹਾਡੇ ਮਾਮਲਿਆਂ (ਅਤੇ ਇਬਾਦਤ) ਵਿੱਚ ਅੱਲਾਹ ਦੇ ਸ਼ਰੀਕ ਹਨ । (ਅੱਜ) ਇਹ ਸਭ ਕੁੱਝ ਤੁਹਾਡੇ ਤੋਂ ਵੱਖ ਹੋ ਗਿਆ ਹੈ, ਅਤੇ ਤੁਹਾਡੇ ਤੋਂ ਉਹ ਸਭ ਗੁਆਚ ਗਿਆ ਹੈ ਜਿਸਦਾ ਤੁਸੀਂ ਦਾਅਵਾ ਕਰਦੇ ਸੀ।"

ਅਲ ਕੁਰਆਨ 6:94

ਇਹਨਾਂ ਨੂੰ ਸਿਫ਼ਾਰਸ਼ ਕਰਨ ਵਾਲਿਆਂ ਦੀ ਸਿਫਾਰਸ਼ ਕੋਈ ਨਫ਼ਾ ਨਹੀਂ ਦੇਵੇਗੀ ।

ਅਲ ਕੁਰਆਨ 74:48

ਅਤੇ ਉਹਨਾਂ ਨੂੰ ਬਹੁਤ ਹੀ ਜਲਦ ਆਉਣ ਵਾਲੇ ਫੈਸਲੇ ਦੇ ਦਿਨ ਤੋਂ ਜਾਣੂ ਕਰਵਾਓ ਜਦੋਂ ਉਹਨਾਂ ਦੇ ਦਿਲ ਉਹਨਾਂ ਦੇ ਹਲ਼ਕ ਤੱਕ ਪਹੁੰਚ ਜਾਣਗੇ ਅਤੇ ਖਾਮੋਸ਼ ਹੋਣਗੇ (ਉਸ ਦਿਨ) ਜ਼ੁਲਮ ਕਰਨ ਵਾਲਿਆਂ ਦਾ ਕੋਈ ਸੱਚਾ ਮਿੱਤਰ ਜਾਂ ਸਿਫ਼ਾਰਸ਼ੀ ਨਹੀਂ ਹੋਵੇਗਾ ਜਿਸ ਦੀ ਕੋਈ ਗੱਲ ਮੰਨੀ ਜਾਵੇ।
ਅਲ ਕੁਰਆਨ 40:18

ਤਾਂ ਪਤਾ ਲੱਗਿਆ ਕੇ ਕੁਰਆਨ ਵਿੱਚ ਜਿੱਥੇ ਕਿਤੇ ਵੀ ਸਫ਼ਆਤ ਦੀ ਨਫ਼ੀ ਕੀਤੀ ਗਈ ਹੈ ਉਹ ਇਸੇ ਪ੍ਰਕਾਰ ਦੀ ਮਨਫ਼ੀ ਸਫ਼ਆਤ (ਨਕਾਰਾਤਮਕ ਸਿਫਾਰਸ਼) ਦੀ ਨਫ਼ੀ ਹੈ

ਲੋਕਾਂ ਦਾ ਨਬੀਆਂ ਅਤੇ ਨੇਕ ਲੋਕਾਂ ਦੀਆਂ ਕਬਰਾਂ 'ਤੇ ਜਾਣਾ

ਫਿਰ ਉਹਨਾਂ ਤੋਂ ਮਦਦ ਮੰਗਣਾ , ਉਹਨਾਂ ਤੋਂ ਸਿਫਾਰਸ਼ ਦੀ ਉਮੀਦ ਕਰਨਾ ਇਹ ਸਭ ਬੇਕਾਰ ਹੈ, ਕਿਉਂਕਿ ਇਹ ਲੋਕ ਅੱਲ੍ਹਾ ਤਾਅਲਾ ਦੀ ਆਗਿਆ ਤੋਂ ਬਿਨਾਂ ਕਿਸੇ ਦੀ ਸਿਫ਼ਾਰਸ਼ ਕਰਨ ਲਈ ਆਪਣੇ ਬੁੱਲ੍ਹ ਨਹੀਂ ਖੋਲ੍ਹ ਸਕਦੇ ਹਾਂ, ਜਦੋਂ ਅੱਲ੍ਹਾ ਕਿਸੇ 'ਤੇ ਰਹਿਮ ਕਰਨਾ ਚਾਹੁੰਦਾ ਹੈ, ਤਾਂ ਉਹ ਇਸ ਦੀ ਇਜਾਜ਼ਤ ਦੇਵੇਗਾ ਤਾਂ ਫਿਰ ਇਹ ਸਿਫ਼ਾਰਸ਼ ਕੀਤੀ ਜਾਵੇਗੀ।

ਇਸ ਤੋਂ ਇਲਾਵਾ ਜੇਕਰ ਕੋਈ ਵਿਅਕਤੀ ਸਾਰੀ ਉਮਰ ਕਬਰਾਂ 'ਤੇ ਆ ਕੇ ਸਿਫ਼ਾਰਸ਼ ਮੰਗਦਾ ਰਹੇ, ਤਾਂ ਉਸ ਦੀ ਮਿਹਨਤ ਬੇਕਾਰ ਹੋ ਜਾਵੇਗੀ। ਕਿਉਂਕਿ ਸਾਹਿਬ ਏ ਕਬਰ ਬਿਨਾਂ ਆਗਿਆ ਤੋਂ ਸਿਫ਼ਾਰਸ਼ ਕਰਨ ਦੇ ਯੋਗ ਨਹੀਂ ਹਨ

ਅੱਲ੍ਹਾ ਤਾਅਲਾ ਫਰਮਾਉਂਦੇ ਹਨ :
ਕੌਣ ਹੈ ਜੋ ਉਸਦੀ ਇਜਾਜਤ ਤੋਂ ਬਿਨਾਂ ਉਸਦੇ ਅੱਗੇ ਕਿਸੇ ਦੀ ਸਿਫਾਰਸ਼ ਕਰ ਸਕੇ ?
ਅਲ ਕੁਰਆਨ 2:255

ਉਸ (ਅੱਲਾਹ ਤਾਅਲਾ) ਤੋਂ ਬਿਨਾ ਤੁਹਾਡੇ ਲਈ ਕੋਈ ਸਹਾਇਕ ਅਤੇ ਸਿਫ਼ਾਰਸ਼ੀ ਨਹੀਂ
ਅਲ ਕੁਰਆਨ 32:4

ਆਦਿ ਆਇਤਾਂ ਇਸ ਦੀਆਂ ਗਵਾਹ ਹਨ।

ਹੈਰਾਨੀ ਦੀ ਗੱਲ ਹੈ ਕਿ
ਇਹ ਲੋਕ ਅੱਲ੍ਹਾ ਤਾਅਲਾ ਤੋਂ ਆਪਣੀਆਂ ਲੋੜਾਂ ਕਿਉਂ ਨਹੀਂ ਮੰਗਦੇ, ਉਸ ਦੀ ਰਹਿਮਤ ਕਿਉਂ ਨਹੀਂ ਮੰਗਦੇ, ਉਸ ਤੋਂ ਮੁਆਫ਼ੀ ਕਿਉਂ ਨਹੀਂ ਮੰਗਦੇ ਅਤੇ ਉਸ ਤੋਂ ਕੋਈ ਦਰਖ਼ਾਸਤ ਕਿਉਂ ਨਹੀਂ ਕਰਦੇ? ਯਕੀਨਨ ਇਹ ਗੱਲਾਂ ਅੱਜ ਦੇ ਕਬਰ ਪੂਜਕਾਂ ਅਤੇ ਪੀਰ ਪੂਜਕਾਂ ਨੂੰ ਬਹੁਤ ਹੀ ਅਪਮਾਨ ਜਨਕ ਲੱਗਣ ਗੀਆਂ ,ਪਰ ਕੀ ਕੀਤਾ ਜਾਵੇ ਸਿਰਫ ਸੱਚਾਈ ਹੀ ਮੰਨਣ ਦੇ ਯੋਗ ਹੈ।
ਲੋਕ ਸੋਚਦੇ ਹਨ ਕਿ ਸਾਡਾ ਵਿਚੋਲਾ ਅਤੇ ਸਿਫਾਰਸ਼ ਕਰਨ ਵਾਲਾ ਸਾਨੂੰ ਕਿਸੇ ਵੀ ਸਥਿਤੀ ਵਿਚ ਅੱਲ੍ਹਾ ਤਾਅਲਾ ਤੋਂ ਬਚਾਵੇਗਾ

ਅਜੋਕੇ ਦੌਰ ਵਿੱਚ ਇਹ ਸਭ ਤੋਂ ਆਮ ਅਤੇ ਸਭ ਤੋਂ ਖ਼ਤਰਨਾਕ ਇਸਲਾਮ ਵਿਰੋਧੀ ਹਰਕਤ ਹੈ। ਜਿਹੜੇ ਲੋਕ ਇਸਲਾਮ ਦੀ ਅਸਲ ਸੱਚਾਈ ਤੋਂ ਜਾਣੂ ਨਹੀਂ ਹਨ, ਉਹ ਇਸ ਵਿੱਚ ਬੁਰੀ ਤਰਾਂ ਫਸੇ ਹੋਏ ਹਨ ਉਨ੍ਹਾਂ ਨੇ ਆਪਣੇ ਅਤੇ ਆਪਣੇ ਰੱਬ ਦੇ ਵਿਚਕਾਰ ਬਹੁਤ ਸਾਰੇ ਵਿਚੋਲੇ ਪਾ ਰੱਖੇ ਹਨ ।

ਇਸ ਕਰਕੇ, ਉਹ ਸਿੱਧੇ ਤੌਰ 'ਤੇ ਅੱਲ੍ਹਾ ਤਾਅਲਾ ਨੂੰ ਨਹੀਂ ਪੁਕਾਰਦੇ, ਅਤੇ ਆਖਦੇ ਹਨ ਕਿ ਅੱਲ੍ਹਾ ਤਾਅਲਾ ਤੱਕ ਪਹੁੰਚਣ ਲਈ ਇੱਕ ਵਿਚੋਲਾ ਬਣਾਉਣਾ ਬਹੁਤ ਜ਼ਰੂਰੀ ਹੈ, ਕਿਉਂਕਿ ਜਦ ਕੋਈ ਦੁਨੀਆ ਦੇ ਕਿਸੇ ਬਾਦਸ਼ਾਹ ਕੋਲ ਜਾ ਕੇ ਸਿੱਧਾ ਸਵਾਲ ਨਹੀਂ ਪੁੱਛ ਸਕਦਾ ਤਾਂ ਰੱਬ ਨੂੰ ਸਿੱਧਾ ਕਿਵੇਂ ਪੁਕਾਰਿਆ ਜਾਵੇ ?

ਅੱਲ੍ਹਾ ਤਾਆਲਾ ਇਹਨਾਂ ਬਾਦਸ਼ਾਹਾਂ ਤੋਂ ਵੱਡਾ ਹੈ। ਅਤੇ ਇਹ ਕਹਿ ਕੇ ਇਹ ਲੋਕ ਅੱਲ੍ਹਾ ਦੀ ਸ਼ਾਨ ਦਾ ਨਿਰਾਦਰ ਕਰ ਰਹੇ ਹਨ। ਕਿਉਂਕਿ ਇਸ ਤਰ੍ਹਾਂ ਉਨ੍ਹਾਂ ਨੇ ਅੱਲ੍ਹਾ ਸੁਬਹਾਨਾ ਵ ਤਾਅਲਾ ਦੀ ਤੁਲਨਾ ਉਸਦੀ ਕਮਜ਼ੋਰ ਅਤੇ ਬੇਸਹਾਰਾ ਰਚਨਾ ਨਾਲ ਕੀਤੀ ਹੈ। (ਨਊਜ਼-ਬਿੱਲ੍ਹਾ)

ਸ਼ਿਰਕ ਕਰਨ ਵਾਲੇ ਭਾਵੇਂ ਪ੍ਰਾਚੀਨ ਹਨ ਜਾਂ ਆਧੁਨਿਕ; ਉਹ ਵਿਚੋਲਗੀ ਦੇ ਵਿਸ਼ਵਾਸ ਨਾਲ ਜੁੜੇ ਹੋ ਕੇ ਸ਼ਿਰਕ ਏ ਅਕਬਰ ਵਿਚ ਸ਼ਾਮਲ ਹੋ ਗਏ ਹਨ, ਭਾਵੇਂ ਕਿ ਅੱਲ੍ਹਾ ਤਾਅਲਾ ਨੇ ਕੁਰਆਨ ਵਿਚ ਕਈ ਥਾਵਾਂ 'ਤੇ ਕਿਆਮਤ ਦੇ ਦਿਨ ਇਸ ਤਰ੍ਹਾਂ ਦੀ ਕਿਸੇ ਵੀ ਕਿਸਮ ਦੀ ਵਿਚੋਲਗੀ ਤੋਂ ਇਨਕਾਰ ਕੀਤਾ ਹੈ, ਜਿਸ ਵਿਚ ਮੁਸ਼ਰੀਕੀਨ ਵਿਸ਼ਵਾਸ ਕਰਦੇ ਹਨ।

ਇਹ ਸ਼ਿਰਕ ਕਰਨ ਵਾਲੇ ਲੋਕ ਮੰਨਦੇ ਹਨ ਕਿ (ਅਖੌਤੀ) ਵਲੀਆਂ ਅਤੇ ਪੀਰਾਂ ਦਾ ਅੱਲ੍ਹਾ ਕੋਲ ਅਜਿਹਾ ਦਰਜਾ ਹੈ ਕਿ ਉਹ ਜਿਸ ਨੂੰ ਚਾਹੁਣ ਅੱਲ੍ਹਾ ਦੀ ਸਜ਼ਾ ਤੋਂ ਬਚਾ ਸਕਦੇ ਹਨ। ਮੁਸੀਬਤਾਂ ਅਤੇ ਬਲਾਵਾਂ ਨੂੰ ਟਾਲ ਸਕਦੇ ਹਨ ਸਾਡੇ ਸਮੇਂ ਦੇ ਸ਼ਿਰਕ ਕਰਨ ਵਾਲੇ ਲੋਕ ਇਹ ਵੀ ਕਹਿੰਦੇ ਹਨ:
“ਖੁਦ ਦਾ ਫੜਿਆ ਛੁਡਾਵੇ ਮੁਹੰਮਦ ... ਮੁਹੰਮਦ ਦਾ ਫੜਿਆ ਛੁਡਾ ਕੋਈ ਨੀ ਸਕਦਾ। (ਨਊਜ਼-ਬਿੱਲ੍ਹਾ)
ਕਹਿੰਦੇ ਹਨ: ਉਸ ਤੋਂ ਮੰਗੀ ਗਈ ਸਿਫ਼ਾਰਸ਼ ਕੁਬੂਲ ਹੋਵੇਗੀ।

ਅੱਜ ਕੱਲ ਲੋਕ ਜਿਹਨਾਂ ਨੂੰ ਆਪਣੇ ਸਿਫ਼ਾਰਸ਼ੀ ਬਣਾਈ ਫਿਰਦੇ ਹਨ , ਉਹਨਾਂ ਵਿੱਚੋਂ ਅਸੀਂ ਤੈਅ ਕਰ ਸਕਦੇ ਹਾਂ ਕਿ ਕੌਣ ਨੇਕ ਹੈ ਅਤੇ ਕੌਣ ਸ਼ਹੀਦ ਹੈ ।

ਇੱਕ ਹਦੀਸ
ਤਿੰਨ ਅਜਿਹੇ ਇਨਸਾਨ ਜਿਹਨਾਂ ਨੂੰ ਜਹੰਨਮ ਵਿੱਚ ਦਾਖਿਲ ਕਰ ਦਿੱਤਾ ਜਾਵੇਗਾ , ਹਾਲਾਂਕਿ ਉਹਨਾਂ ਵਿੱਚੋਂ ਇੱਕ ਆਲਿਮ ਤੇ ਕੁਰਆਨ ਦਾ ਕਾਰੀ , ਇੱਕ ਸ਼ਹੀਦ , ਇੱਕ ਬਹੁਤ ਜਿਆਦਾ ਸਦਕਾ-ਖੈਰਾਤ ਕਰਨ ਵਾਲਾ ਮਾਲਦਾਰ ਹੋਵੇਗਾ
ਸਹੀ ਮੁਸਲਿਮ 1905 a (4688)

ਜਦਕਿ ਨਬੀ, ਫਰਿਸ਼ਤੇ , ਨੇਕ ਲੋਕ, ਸ਼ਹੀਦ ਆਦਿ ਸਿਰਫ਼ ਉਹਨਾਂ ਲਈ ਸਿਫ਼ਾਰਸ਼ ਕਰਨਗੇ ਜਿਨ੍ਹਾਂ ਤੋਂ ਅੱਲ੍ਹਾ ਰਾਜੀ (ਖੁਸ਼) ਹੋਵੇਗਾ, ਅਤੇ ਉਹ (ਸਿਫ਼ਾਰਸ਼ ਕਰਨ ਵਾਲੇ) ਆਪ ਹੀ ਰੱਬ ਦੇ ਡਰ ਨਾਲ ਕੰਬਦੇ ਰਹਿੰਦੇ ਹਨ।

ਅਤੇ ਇਹ ਲੋਕ ਆਖਦੇ ਹਨ ਕਿ ਸਾਡੇ ਬਜ਼ੁਰਗ ਅਤੇ ਸਫ਼ਾਰਿਸ਼ੀ ਅਜਿਹੇ ਜੋਰਾਵਰ ਹਨ ਕਿ ਉਹਨਾਂ ਦੀ ਗੱਲ ਤਾਂ ਜਰੂਰ ਚੱਲੇਗੀ ,ਅਤੇ ਸਿਫਾਰਸ਼ ਟਲ ਨਹੀਂ ਸਕਦੀ, ਬਸ ਅਸੀਂ ਇਹਨਾਂ ਦਾ ਪੱਲਾ ਫੜ ਲਵਾਂਗੇ ਅਤੇ ਬੇਫਿਕਰ ਹੋ ਜਾਵਾਂਗੇ
ਜਦਕਿ ਅਸਲ ਵਿੱਚ ਉਸ ਸਮੇ ਤਾਂ ਸਾਰੇ ਨਬੀ ਵੀ ਘਬਰਾਏ ਹੋਣਗੇ (ਨਫਸੀਂ ਨਫਸੀਂ ਦਾ ਆਲਮ ਹੋਵੇਗਾ) ਅਤੇ ਕੋਈ ਗੱਲ ਨਹੀਂ ਕਰ ਸਕਣਗੇ ਜਿਵੇਂ ਕਿ ਅੱਗੇ ਹਦੀਸਾਂ ਵਿੱਚ ਆਵੇਗਾ ਇਨਸ਼ਾਅੱਲ੍ਹਾ
ਫਿਰ ਇਹਨਾਂ ਪੀਰਾਂ ਦੀ ਕੀ ਔਕਾਤ !!

ਸਫ਼ਆਤ ਵਿੱਚ ਅੱਲ੍ਹਾ ਦੀ ਇਜਾਜਤ ਦੀ ਲੋੜ ਕਿਓਂ

ਨਬੀ ਜਾਂ ਫਰਿਸ਼ਤੇ ਜਾਂ ਕੋਈ ਵਲੀ ਇਹ ਨਹੀਂ ਜਾਣਦਾ ਅਤੇ ਨਾ ਹੀ ਜਾਣ ਸਕਦਾ ਹੈ ਕਿ ਕਿਸ ਦਾ (ਅਮਾਲ ਨਾਮਾ) ਰਿਕਾਰਡ ਕੀ ਹੈ ? ਦੁਨੀਆਂ ਵਿੱਚ ਕੌਣ ਕੀ ਕਰਦਾ ਰਿਹਾ ਹੈ ? ਅਤੇ ਅੱਲ੍ਹਾ ਦੇ ਦਰਬਾਰ ਵਿੱਚ ਕਿਹੋ ਜਿਹਾ ਅਕੀਦਾ ਅਤੇ ਕਿਸ ਤਰ੍ਹਾਂ ਦੇ ਅਮਲ ਲੈ ਕੇ ਆਇਆ ਹੈ।

ਇਸ ਦੇ ਉਲਟ, ਅੱਲ੍ਹਾ ਤਾਅਲਾ
ਹਰ ਕਿਸੇ ਦੇ ਅਗਲੇ ਪਿਛਲੇ ਅੱਕੀਦੇ ਅਤੇ ਅਮਲਾਂ ਤੋਂ ਜਾਣੂ ਹੈ
ਅਤੇ ਉਹ ਇਹ ਵੀ ਜਾਣਦਾ ਹੈ ਕਿ ਉਸ ਦੀ ਮੌਜੂਦਾ ਸਥਿਤੀ ਕੀ ਹੈ।
ਜੇ ਉਹ ਚੰਗਾ ਹੈ, ਤਾਂ ਉਹ ਕਿੰਨਾ ਚੰਗਾ ਹੈ
ਅਤੇ ਜੇ ਉਹ ਅਪਰਾਧੀ ਹੈ, ਤਾਂ ਉਹ ਕਿਸ ਪੱਧਰ ਦਾ ਅਪਰਾਧੀ ਹੈ ?
ਮੁਆਫ਼ ਕਰਨ ਯੋਗ ਹੈ ਜਾਂ ਨਹੀਂ ਹੈ ?
ਕੀ ਉਹ ਪੂਰੀ ਸਜ਼ਾ ਦਾ ਹੱਕਦਾਰ ਹੈ ਜਾਂ ਇਸ ਨੂੰ ਘੱਟ ਕੀਤਾ ਜਾ ਸਕਦਾ ਹੈ ?

ਅਜਿਹੇ ਵਿੱਚ ਇਹ ਕਿਵੇਂ ਸਹੀ ਹੋ ਸਕਦਾ ਹੈ ਕਿ ਨਬੀ ਜਾਂ ਫਰਿਸ਼ਤੇ ਜਾਂ ਕਿਸੇ ਵਲੀ ਨੂੰ ਸਿਫਾਰਸ਼ ਕਰਨ ਦੀ ਖੁੱਲ੍ਹੀ ਇਜਾਜ਼ਤ ਦੇ ਦਿੱਤੀ ਜਾਵੇ
ਅਤੇ ਹਰ ਕਿਸੇ ਲਈ ਜਿਸ ਲਈ ਚਾਹੁੰਦੇ ਹਨ ਸਿਫਾਰਸ਼ ਕਰਨ.

ਜੇਕਰ ਕੋਈ ਸਾਧਾਰਨ ਅਧਿਕਾਰੀ ਆਪਣੇ ਛੋਟੇ ਜਿਹੇ ਮਹਿਕਮੇ ਦੇ ਹਰ ਮਿੱਤਰ ਜਾਂ ਚਹੇਤੇ ਦੀਆਂ ਸਿਫ਼ਾਰਸ਼ਾਂ ਸੁਣ ਲਵੇ ਤਾਂ ਉਹ ਚਾਰ ਦਿਨਾਂ ਵਿੱਚ ਪੂਰੇ ਮਹਿਕਮੇ ਦਾ ਸੱਤਿਆਨਾਸ ਕਰ ਦੇਵੇਗਾ।
ਫਿਰ ਧਰਤੀ ਅਤੇ ਅਸਮਾਨ ਦੇ ਹਾਕਮ ਤੋਂ ਇਹ ਆਸ ਕਿਵੇਂ ਕੀਤੀ ਜਾ ਸਕਦੀ ਹੈ ਕਿ ਉਸ ਨਾਲ ਸਿਫ਼ਾਰਸ਼ਾਂ ਦਾ ਬਾਜ਼ਾਰ ਗਰਮ ਹੋਵੇਗਾ ਅਤੇ ਹਰ ਬਜ਼ੁਰਗ ਜਾ ਕੇ ਜਿਸ ਨੂੰ ਚਾਹੇ ਮੁਆਫ਼ੀ ਲੈ ਕੇ ਆਵੇਗਾ;

ਜਦਕਿ ਸਥਿਤੀ ਇਹ ਹੋਵੇਗੀ ਕਿ ਇਨ੍ਹਾਂ ਬਜ਼ੁਰਗਾਂ ਵਿੱਚੋਂ ਕਿਸੇ ਨੂੰ ਵੀ ਇਹ ਨਹੀਂ ਪਤਾ ਕਿ ਉਹ ਜਿਨ੍ਹਾਂ ਲੋਕਾਂ ਦੀ ਸਿਫ਼ਾਰਸ਼ ਕਰ ਰਹੇ ਹਨ, ਉਨ੍ਹਾਂ ਦੇ ਕੰਮ ਕਿਹੋ ਜਿਹੇ ਹਨ।

ਅਸਲ ਗੱਲ ਤਾਂ ਇਹ ਹੈ ਕਿ ਉਹ ਸਿਫਾਰਸ਼ ਕਰਨ ਤੋਂ ਪਹਿਲਾਂ ਇਜਾਜ਼ਤ ਲੈਣਗੇ, ਅਤੇ ਉਹ ਸਿਰਫ਼ ਉਸ ਦੇ ਹੱਕ ਵਿਚ ਸਿਫਾਰਸ਼ ਕਰ ਸਕਣਗੇ ਜਿਸ ਦੇ ਬਾਰੇ ਅੱਲ੍ਹਾ ਉਨ੍ਹਾਂ ਨੂੰ ਬੋਲਣ ਦੀ ਇਜਾਜ਼ਤ ਦੇ ਦੇਵੇ।
ਫਿਰ ਸਿਫ਼ਾਰਸ਼ ਲਈ ਸ਼ਰਤ ਇਹ ਹੋਵੇਗੀ ਕਿ ਇਹ ਢੁਕਵੀਂ ਅਤੇ ਸਹੀ ਗੱਲ ਤੇ ਆਧਾਰਿਤ ਹੋਵੇ ।
ਕਿਸੇ ਨੂੰ ਝੂਠੀਆਂ ਸਿਫ਼ਾਰਸ਼ਾਂ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ

ਸਿਰਫ਼ ਰਿਸ਼ਤੇ ਅਤੇ ਵੰਸ਼ ਦੇ ਆਧਾਰ 'ਤੇ ਕਿਸੇ ਨੂੰ ਮਾਫ਼ ਨਹੀਂ ਕੀਤਾ ਜਾਵੇਗਾ

ਅਬੂ ਹੁਰੈਰਾ (ਰਜ) ਨੇ ਬਿਆਨ ਕੀਤਾ ਕਿ ਨਬੀ (ਸ.ਅ.ਵ) ਨੇ ਕਿਹਾ:
ਹੇ ਅਬਦ ਮੁਨਾਫ ਦੇ ਪੁੱਤਰੋ! ਅੱਲ੍ਹਾ ਤੋਂ ਆਪਣੀਆਂ ਜਾਨਾਂ ਖਰੀਦੋ (ਭਾਵ ਚੰਗੇ ਕੰਮ ਕਰਕੇ ਉਨ੍ਹਾਂ ਨੂੰ ਅੱਲ੍ਹਾ ਦੀ ਸਜ਼ਾ ਤੋਂ ਬਚਾਓ) ਹੇ ਅਬਦੁਲ ਮੁਤਾਲਿਬ ਦੇ ਪੁੱਤਰੋ! ਅੱਲ੍ਹਾ ਤੋਂ ਆਪਣੀਆਂ ਜਾਨਾਂ ਖਰੀਦੋ, ਹੇ ਜ਼ੁਬੈਰ ਬਿਨ ਅਵਾਮ ਦੀ ਮਾਂ! ਹੇ ਫਾਤਿਮਾ ਬਿੰਤ ਮੁਹੰਮਦ! ਤੁਸੀਂ ਦੋਵੇਂ ਆਪਣੀ ਜਾਨ ਅੱਲ੍ਹਾ ਤੋਂ ਬਚਾ ਲਵੋ। ਅੱਲ੍ਹਾ ਦੀ ਨਜ਼ਰ ਵਿੱਚ ਮੈਂ ਤੁਹਾਡੇ ਲਈ ਅੱਲਾਹ ਦੀ ਬਰਗਾਹ ਵਿੱਚ ਕੋਈ ਇਖਤਿਆਰ ਨਹੀਂ ਰੱਖਦਾ। ਤੁਸੀਂ ਦੋਵੇਂ ਮੇਰੀ ਜਾਇਦਾਦ ਤੋਂ ਜਿੰਨਾ ਚਾਹੋ ਮੰਗ ਸਕਦੀਆਂ ਹੋ।
ਸਹੀ ਬੁਖ਼ਾਰੀ 3527

ਹਜ਼ਰਤ ਅਬੂ ਹੁਰੈਰਾ (ਰ.ਅ) ਬਿਆਨ ਕਰਦੇ ਹਨ ਕਿ ਜਦੋਂ ਇਹ ਆਇਤ ਨਾਜ਼ਿਲ ਹੋਈ:“ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਡਰਾਓ।” ਤਦ ਅੱਲ੍ਹਾ ਦੇ ਨਬੀ (ਸ.ਅ.ਵ) ਨੇ ਕੁਰੈਸ਼ ਨੂੰ ਸੱਦਾ ਦਿੱਤਾ। ਤਾਂ ਨਬੀ (ਸ.ਅ.ਵ) ਨੇ ਆਮ ਤੌਰ ਤੇ ਅਤੇ ਖਾਸ ਨਾਂ ਲੈ ਕੇ ਵੀ ਸਾਰਿਆਂ ਨੂੰ ਡਰਾਇਆ । ਨਬੀ (ਸ.ਅ.ਵ) ਨੇ ਕਿਹਾ:“ਹੇ ਕਾਬ ਬਿਨ ਲੁਈ ਦੀ ਔਲਾਦ! ਹੇ ਅਬਦ ਮਨਾਫ਼ ਦੀ ਔਲਾਦ! ਹੇ ਹਾਸ਼ਮ ਦੀ ਔਲਾਦ! ਹੇ ਅਬਦੁਲ ਮੁਤਾਲਿਬ ਦੀ ਔਲਾਦ! ਆਪਣੇ ਆਪ ਨੂੰ ਅੱਗ ਤੋਂ ਬਚਾਓ. ਹੇ ਫਾਤਿਮਾ! ਤੂੰ ਵੀ ਆਪਣੇ ਆਪ ਨੂੰ ਅੱਗ ਤੋਂ ਬਚਾ। ਮੈਂ ਤੁਹਾਡੇ ਲਈ ਅੱਲ੍ਹਾ ਤਾਅਲਾ ਦੀ ਤਰਫ਼ ਤੋਂ ਕਿਸੇ ਚੀਜ਼ ਦਾ ਇਖਤਿਆਰ ਨਹੀਂ ਰੱਖਦਾ । ਪਰ, ਮੇਰਾ ਤੁਹਾਡੇ ਨਾਲ ਰਿਸ਼ਤਾ ਹੈ। ਮੈਂ ਉਸ ਦੀਆਂ ਮੰਗਾਂ ਨੂੰ ਪੂਰਾ ਕਰਦਾ ਰਹਾਂਗਾ
ਨਸਾਈ 3674 (ਸਹੀ)

ਬਲਕੇ ਇਹ ਮੁਸ਼ਰਿਕ ਲੋਕ ਤਾਂ ਆਪਣੇ ਅਖੌਤੀ ਪੀਰਾਂ-ਵਲੀਆਂ ਲਈ ਜੰਨਤ ਅਤੇ ਬੁਜ਼ੁਰਗੀ ਦੇ ਵੱਡੇ ਵੱਡੇ ਦਾਅਵੇ ਕਰਦੇ ਰਹਿੰਦੇ ਹਨ ਬਲਕਿ ਗੁਲੂ ਕਰਦੇ ਹੋਏ ਉਹਨਾਂ ਦੇ ਮਰਤਬੇ ਨੂੰ ਨਬੀਆਂ ਤੋਂ ਵੀ ਉੱਪਰ ਲੇ ਜਾਂਦੇ ਹਨ ਅਤੇ ਬਹੁਤੀ ਵਾਰ ਰੱਬ ਦੇ ਦਰਜੇ ਤੱਕ ਲੇ ਜਾਂਦੇ ਹਨ

ਅੰਸਾਰ ਦੀ ਇੱਕ ਔਰਤ ਜਿਸ ਨੇ ਨਬੀ (ਸ.ਅ.ਵ) ਦੀ ਵਫ਼ਾਦਾਰੀ ਦਾ ਵਾਅਦਾ ਕੀਤਾ ਸੀ, ਨੇ ਦੱਸਿਆ ਕਿ ਮੁਹਾਜਿਰਾਂ ਨੂੰ ਅੰਸਾਰਾਂ ਵਿੱਚ ਪਰਚੀਆਂ ਪਾ ਕੇ ਵੰਡਿਆ ਗਿਆ ਸੀ, ਅਤੇ ਹਜ਼ਰਤ ਉਸਮਾਨ ਇਬਨੇ ਮਜ਼ੂਨ (ਰ.ਜ) ਸਾਡੇ ਹਿੱਸੇ ਵਿੱਚ ਆਏ ਸਨ। ਇਸ ਲਈ ਅਸੀਂ ਉਨ੍ਹਾਂ ਨੂੰ ਆਪਣੇ ਘਰ ਵਿੱਚ ਰੱਖਿਆ। ਅੰਤ ਵਿੱਚ, ਉਹ ਬੀਮਾਰ ਹੋ ਗਏ ਅਤੇ ਮੌਤ ਪਾ ਗਏ. ਉਹਨਾਂ ਦੀ ਮੌਤ ਤੋਂ ਬਾਅਦ, ਉਹਨਾਂ ਨੂੰ ਗ਼ੁਸਲ ਦਿੱਤਾ ਗਿਆ ਅਤੇ ਇੱਕ ਕਫ਼ਨ ਵਿੱਚ ਲਪੇਟਿਆ ਗਿਆ, ਫਿਰ ਅੱਲ੍ਹਾ ਦੇ ਨਬੀ (ਸ.ਅ.ਵ) ਤਸ਼ਰੀਫ ਲਿਆਏ। ਮੈਂ

ਕਿਹਾ, ਅਬੂ ਸਾਈਬ, ਤੁਹਾਡੇ ਉੱਤੇ ਅੱਲ੍ਹਾ ਦੀਆਂ ਰਹਿਮਤਾਂ ਹੋਣ, ਤੁਹਾਡੇ ਬਾਰੇ ਮੇਰੀ ਗਵਾਹੀ ਇਹ ਹੈ ਕਿ ਅੱਲ੍ਹਾ ਨੇ ਤੁਹਾਡੀ ਇੱਜਤ (ਸਨਮਾਨ) ਕੀਤੀ ਹੈ । ਇਸ 'ਤੇ ਅੱਲ੍ਹਾ ਦੇ ਨਬੀ (ਸ.ਅ.ਵ) ਨੇ ਕਿਹਾ ਕਿ ਤੁਸੀਂ ਕਿਵੇਂ ਜਾਣਦੇ ਹੋ ਕਿ ਅੱਲ੍ਹਾ ਨੇ ਉਸ ਨੂੰ ਸਨਮਾਨਿਤ ਕੀਤਾ ਹੈ (ਇੱਜਤ ਫਰਮਾਈ ਹੈ) ? ਮੈਂ ਕਿਹਾ, ਹੇ ਅੱਲ੍ਹਾ ਦੇ ਰਸੂਲ ਮੇਰੇ ਮਾਤਾ-ਪਿਤਾ ਤੁਹਾਡੇ ਤੋਂ ਕੁਰਬਾਨ ਹੋ ਜਾਣ ਤਾਂ ਅੱਲ੍ਹਾ ਕਿਸ ਦੀ ਇੱਜਤ ਅਫ਼ਜਾਈ ਕਰੇਗਾ? ਨਬੀ (ਸ.ਅ.ਵ) ਨੇ ਕਿਹਾ, "ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਸਦੀ ਮੌਤ ਆ ਗਈ ਹੈ। ਅੱਲ੍ਹਾ ਦੀ ਕਸਮ, ਮੈਂ ਵੀ ਉਸਦੇ ਲਈ ਚੰਗੇ ਦੀ ਉਮੀਦ ਕਰਦਾ ਹਾਂ, ਪਰ ਅੱਲ੍ਹਾ ਦੀ ਕਸਮ ! ਮੈਨੂੰ ਆਪਣੇ ਬਾਰੇ ਵੀ ਨਹੀਂ ਪਤਾ ਕਿ ਮੇਰੇ ਨਾਲ ਕੀ ਹੋਵੇਗਾ." ਭਾਵੇਂ ਮੈਂ ਅੱਲ੍ਹਾ ਦਾ ਨਬੀ (ਸ.ਅ.ਵ) ਹਾਂ। ਉਮ ਅਲ-ਅਲਾ ਨੇ ਕਿਹਾ: ਰੱਬ ਦੀ ਕਸਮ! ਹੁਣ ਮੈਂ ਕਦੇ ਵੀ ਕਿਸੇ ਬਾਰੇ (ਅਜਿਹੀ ਗਵਾਹੀ) ਨਹੀਂ ਦੇਵਾਂਗ਼ੀ।

ਸਾਡੇ ਤੋਂ ਸਈਦ ਬਿਨ ਅਫ਼ੀਰ ਨੇ ਬਿਆਨ ਕੀਤਾ ਅਤੇ ਲੇਥ ਨੇ ਪਿਛਲੀ ਰਵਾਇਤ ਵਾਂਗ ਉਨ੍ਹਾਂ ਤੋਂ ਬਿਆਨ ਕੀਤਾ, ਨਾਫਿ ਬਿਨ ਯਜ਼ੀਦ ਨੇ ਅਕੀਲ ਤੋਂ (ਮਾ ਯਾਫ਼ਲ ਅ. ਦੀ ਬਜਾਏ) ਯਾਫ਼ਲ ਬਾਹ ਦੇ ਸ਼ਬਦਾਂ ਦਾ ਹਵਾਲਾ ਦਿੱਤਾ ਹੈ। ਅਤੇ ਇਸ ਰਵਾਇਤ ਦੀ ਮੁਤਾਬਤ ਸ਼ੁਏਬ, ਅਮਰ ਬਿਨ ਦਿਨਾਰ ਅਤੇ ਮਾਅਮਰ ਨੇ ਕੀਤੀ ਹੈ। ਇਸ ਸੂਰਤ ਵਿੱਚ, ਅਨੁਵਾਦ ਇਹ ਹੋਵੇਗਾ: ਅੱਲ੍ਹਾ ਦੀ ਕਸਮ , ਮੈ ਨਹੀਂ ਜਾਣਦਾ ਕਿ ਉਸ ਨਾਲ ਕੀ ਮਾਮਲਾ ਕੀਤਾ ਜਾਵੇਗਾ। ਗਾਲਾਂਕਿ, ਉਸਦੇ ਹੱਕ ਵਿੱਚ ਮੇਰਾ ਗੁਮਾਨ ਨੇਕ ਹੀ ਹੈ.
ਸਹੀ ਬੁਖ਼ਾਰੀ 1243

ਨਾ ਹੀ ਉਸ ਦੇ ਹੱਕ ਵਿਚ ਸਿਫ਼ਾਰਸ਼ ਸਵੀਕਾਰ ਕੀਤੀ ਜਾਵੇਗੀ।

ਜਿਵੇਂ ਕਿ ਅਸੀਂ ਅੱਗੇ ਹਦੀਸਾਂ ਵਾਲੇ ਬਾਬ ਵਿੱਚ ਪੜ੍ਹਾਂਗੇ ਇੰਨਸ਼ਾ-ਅੱਲ੍ਹਾ

ਅੱਲ੍ਹਾ ਤਾਅਲਾ ਫ਼ਰਮਾਉਂਦੇ ਹਨ :
ਅਤੇ ਉਸ ਦਿਨ ਤੋਂ ਡਰੋ ਜਿਸ ਦਿਨ ਨਾ ਕੋਈ ਜਾਨ ਕਿਸੇ ਵੀ ਹੋਰ ਜਾਨ ਦੇ ਕੰਮ ਆਵੇਗੀ ਅਤੇ ਨਾ ਹੀ ਕੋਈ ਵਿਚੋਲਗੀ ਸਵੀਕਾਰ ਕੀਤੀ ਜਾਵੇਗੀ, ਅਤੇ ਨਾ ਉਸ ਤੋਂ ਕੋਈ ਫਾਇਦਾ ਲਿਆ ਜਾਵੇਗਾ, ਅਤੇ ਨਾ ਉਹਨਾ ਦੀ ਮੱਦਦ ਕੀਤੀ ਜਾਵੇਗੀ ।
ਅਲ ਕੁਰਆਨ 2:148

ਅਖੀਰ ਅਜਿਹੇ ਲੋਕ ਕਿਆਮਤ ਦੇ ਦਿਨ ਪਛਤਾਵਾ ਕਰਨਗੇ |

ਕੀ ਉਹ ਇਸਦੇ ਨਤੀਜੇ ਦੀ ਉਡੀਕ ਕਰਦੇ ਹਨ? ਜਿਸ ਦਿਨ ਇਸਦਾ ਨਤੀਜਾ ਆਵੇਗਾ, ਉਹ ਲੋਕ ਕਹਿਣਗੇ ਜਿਨ੍ਹਾਂ ਨੇ ਇਸ ਨੂੰ ਪਹਿਲਾਂ ਅਣਦੇਖਿਆਂ ਕੀਤਾ ਸੀ, ਕਿ "ਸਾਡੇ ਰੱਬ ਦੇ ਨਬੀ (ਸ.ਅ.ਵ) ਸੱਚਾਈ ਲੈ ਕੇ ਆਏ ਸਨ, ਤਾਂ ਕੀ [ਹੁਣ] ਸਾਡੇ ਲਈ ਸਿਫ਼ਾਰਸ਼ ਕਰਨ ਵਾਲੇ ਕੋਈ ਹਨ ਤਾਂ ਜੋ ਉਹ ਸਾਡੀ ਸਫ਼ਆਤ ਕਰ ਦੇਣ ਜਾਂ ਸਾਨੂੰ ਉਹਨਾਂ (ਬੁਰੇ) ਅਮਲਾਂ ਤੋਂ ਇਲਾਵਾ ਜੋ ਅਸੀਂ ਕਰਿਆ ਕਰਦੇ ਸੀ ਕੋਈ ਹੋਰ (ਨੇਕ) ਅਮਲ ਕਰਨ ਲਈ ਵਾਪਸ ਭੇਜਿਆ ਜਾ ਸਕਦਾ ਹੈ?" ਉਨ੍ਹਾਂ ਨੇ ਆਪਣੇ ਆਪ ਨੂੰ ਗੁਆ ਲਿਆ ਹੋਵੇਗਾ, ਅਤੇ ਬੇਸ਼ੱਕ ਉਨ੍ਹਾਂ ਨੇ ਆਪਣੀਆਂ ਨਫ਼ਸਾਂ ਨੂੰ ਖ਼ਾਸਾਰੇ (ਘਾਟੇ) ਵਿੱਚ ਪਾ ਲਿਆ ਹੈ ਉਹਨਾਂ ਤੋਂ ਉਹ ਸਭ (ਗੱਲਾਂ-ਚੀਜਾਂ) ਗੁਆਚ ਗਈਆਂ ਜੋ ਉਹ ਘੜਦੇ ਸਨ
ਅਲ ਕੁਰਆਨ 7:53

2. ਮੁਸਬਤ ਸਫ਼ਆਤ (ਸਕਾਰਾਤਮਕ ਸਿਫਾਰਸ਼)

ਇਹ ਉਹ ਸਿਫਾਰਸ਼ ਹੈ ਜਿਸਦਾ ਕੁੱਝ ਸ਼ਰਤਾਂ ਦੇ ਨਾਲ ਕੁਰਆਨ ਵਿੱਚ ਇਸਬਾਤ ਕੀਤਾ ਗਿਆ ਹੈ । ਜਿਹੜੀ ਸਿਫ਼ਾਰਸ਼ ਅੱਲ੍ਹਾ ਤਾਅਲਾ ਤੋਂ ਮੰਗੀ ਜਾਂਦੀ ਹੈ|

ਸਕਾਰਾਤਮਕ ਸਿਫਾਰਸ਼ ਦੀਆ ਸ਼ਰਤਾਂ

1. ਅੱਲਾਹ ਤਾਅਲਾ ਸਿਫ਼ਾਰਸ਼ ਕਰਨ ਵਾਲੇ ਤੋਂ ਰਾਜ਼ੀ ਹੋਵੇ
(53:26, 20:109)
2. ਜਿਸਦੇ ਲਈ ਸਿਫਾਰਸ਼ ਕੀਤੀ ਜਾਵੇ ਉਸਤੋਂ ਵੀ ਅੱਲਾਹ ਤਾਅਲਾ ਰਾਜ਼ੀ ਹੋਵੇ
(53:26, 21:28)
3. ਅੱਲਾਹ ਤਾਅਲਾ ਵੱਲੋਂ ਸਿਫਾਰਸ਼ ਕਰਨ ਵਾਲੇ ਨੂੰ ਸਫ਼ਆਤ ਦੀ, ਅਤੇ ਜਿਸਦੇ ਲਈ ਕੀਤੀ ਜਾ ਰਹੀ ਹੈ ਉਸਦੇ ਬਾਰੇ ਸਿਫ਼ਾਰਸ਼ ਕਰਨ ਦੀ ਇਜਾਜ਼ਤ ਮਿਲੀ ਹੋਵੇ
(53:26, 20:109)

ਅਤੇ ਅਸਮਾਨਾਂ ਵਿੱਚ ਕਿੰਨੇ ਹੀ ਫ਼ਰਿਸ਼ਤੇ ਹਨ ਜਿਹਨਾਂ ਦੀ ਸਿਫ਼ਾਰਸ਼ ਉਹਨਾ ਨੂੰ ਕੁੱਝ ਵੀ ਲਾਭ ਨਹੀਂ ਦੇ ਸਕਦੀ"। ਮਗਰ ਅੱਲਾਹ ਤਆਲਾ ਆਪਣੀ ਇੱਛਾ ਅਨੁਸ਼ਾਰ ਜਿਸ ਦੇ ਲਈ ਚਾਹਵੇ ਇਜਾਜ਼ਤ ਦੇ ਦੇਵੇ ਅਤੇ ਰਾਜ਼ੀ ਹੋਵੇ ।

ਅਲ ਕੁਰਆਨ 53:26
(ਇਸ ਆਇਤ ਵਿੱਚ ਤਿੰਨੇ ਸਰਤਾਂ ਮੌਜੂਦ ਹਨ)

ਅਤੇ ਉਸ ਦਿਨ (ਕਿਸੇ ਦੁਆਰਾ ਕਿਸੇ ਲਈ ਕੀਤੀ ਗਈ) ਸਫ਼ਆਤ (ਉਸਨੂੰ) ਨਫ਼ਾ ਨਹੀਂ ਦੇਵੇਗੀ ਮਗਰ ਜਿਸਨੂੰ ਰਹਿਮਾਨ (ਰੱਬ) ਇਜਾਜਤ ਦੇ ਦੇਵੇ ਅਤੇ ਉਸਦੀ ਗੱਲ ਤੋਂ ਰਾਜ਼ੀ ਹੋਵੇ
ਅਲ ਕੁਰਆਨ 20:109
(ਇਸ ਆਇਤ ਵਿੱਚ 2 ਸ਼ਰਤਾਂ ਹਨ)

ਅਤੇ ਉਹ (ਕਿਸੇ ਦੀ) ਸਿਫ਼ਾਰਸ਼ ਨਹੀਂ ਕਰ ਸਕਦੇ ,ਪਰ ਸਿਰਫ਼ ਉਸਦੀ ਜਿਸਤੋਂ ਅੱਲ੍ਹਾ ਰਾਜ਼ੀ ਹੋਵੇ (ਜਿਸਦੇ ਬਾਰੇ ਅੱਲ੍ਹਾ ਪਸੰਦ ਕਰੇ ਅਤੇ ਉਸਤੋਂ ਰਾਜ਼ੀ ਹੋਵੇ)
ਅਲ ਕੁਰਆਨ 21:28
(ਇਸ ਆਇਤ ਵਿੱਚ 1 ਸ਼ਰਤ ਹੈ)

ਇਸੇ ਤਰਾਂ ਕੁਰਆਨ ਵਿੱਚ ਹੋਰ ਬਹੁਤ ਸਾਰੀਆਂ ਆਇਤਾਂ ਵਿੱਚ ਮੁਸਬਤ ਸਫ਼ਆਤ ਅਤੇ ਇਸ ਦੀਆਂ ਸਰਤਾਂ ਦਾ ਜਿਕਰ ਹੈ ਜਿਵੇਂ ਕੇ

ਕੌਣ ਹੈ ਜੋ ਉਸਦੀ ਇਜਾਜਤ ਤੋਂ ਬਿਨਾਂ ਉਸਦੇ ਅੱਗੇ ਕਿਸੇ ਦੀ ਸਿਫਾਰਸ਼ ਕਰ ਸਕੇ ?
ਅਲ ਕੁਰਆਨ 2:255

ਕਿਸੇ ਨੂੰ ਉਸਦੇ ਅੱਗੇ ਗੱਲ ਬਾਤ ਕਰਨ ਦਾ ਸਾਹਸ (ਅਤੇ ਅਧਿਕਾਰ) ਨਹੀਂ ਹੋਵੇਗਾ, (ਅਤੇ) ਜਿਸ ਦਿਨ ਰੂਹ (ਜਿਬਰਾਇਲ) ਅਤੇ ਫਰਿਸ਼ਤੇ ਸਫ਼ਾਂ ਬੰਨ ਕੇ ਖੜੇ ਹੋਣਗੇ ਤਾਂ ਉਸਦੇ (ਰੱਬ ਦੇ) ਨਾਲ ਕੋਈ ਵੀ ਕਲਾਮ (ਗੱਲ ਬਾਤ)

ਨਹੀਂ ਕਰ ਸਕੇਗਾ ,ਮਗਰ ਜਿਸਨੂੰ ਰਹਿਮਾਨ ਇਜਾਜਤ ਦੇ ਦੇਵੇ ਅਤੇ ਉਹ ਵੀ ਸਹੀ (ਠੀਕ) ਗੱਲ ਆਖੇ
ਅਲ ਕੁਰਆਨ 79:37-38

ਉਸਦੀ ਇਜਾਜਤ ਦੇ ਬਿਨਾਂ ਕੋਈ ਉਸ ਅੱਗੇ ਸਿਫਾਰਸ਼ ਕਰਨ ਵਾਲਾ ਨਹੀਂ
ਅਲ ਕੁਰਆਨ 10:3

ਉਸ (ਅੱਲਾਹ ਤਾਅਲਾ) ਤੋਂ ਬਿਨਾ ਤੁਹਾਡੇ ਲਈ ਕੋਈ ਸਹਾਇਕ ਅਤੇ ਸਿਫ਼ਾਰਸ਼ੀ ਨਹੀਂ
ਅਲ ਕੁਰਆਨ 32:4

ਹੇ ਨਬੀ (ਸ.ਅ.ਵ) ਤੁਸੀਂ ਆਖੋ! ਕੇ ਹਰ ਪ੍ਰਕਾਰ ਦੀ ਸਿਫਾਰਸ਼ ਦੀ ਇਜਾਜਤ ਦਾ ਅਧਿਕਾਰ ਤਾਂ ਸਿਰਫ਼ ਅੱਲਾਹ ਕੋਲ ਹੀ ਹੈ । (ਸਫ਼ਆਤ ਤਾਂ ਸਾਰੀ ਦੀ ਸਾਰੀ ਅੱਲਾਹ ਦੇ ਅਧਿਕਾਰ ਵਿੱਚ ਹੈ)
ਅਲ ਕੁਰਆਨ 39:44

ਐ ਨਬੀ (ਸ.ਅ.ਵ)! (ਇਹਨਾਂ ਮੁਸ਼ਰਿਕਾਂ ਨੂੰ) ਆਖ ਦਿਓ ਕਿ ਉਹਨਾ ਨੂੰ ਪੁਕਾਰ ਕੇ ਦੇਖੋ ਜਿਨ੍ਹਾਂ ਨੂੰ ਤੁਸੀਂ ਅੱਲਾਹ ਤੋਂ ਛੁੱਟ ਆਪਣਾ ਮਾਅਬੂਦ ਸਮਝਦੇ ਹੋ, ਉਹ ਆਕਾਸ਼ ਤੇ ਧਰਤੀ ਵਿੱਚ ਜਰਾ ਬਰਾਬਰ ਵੀ ਅਧਿਕਾਰ ਨਹੀਂ ਰੱਖਦੇ ਅਤੇ ਜਮੀਨ ਵ ਆਸਮਾਨ (ਦੀ ਮਲਕੀਅਤ) (ਜਾਂ ਉਹਨਾਂ ਦੀ ਤਖਲੀਕ)ਵਿੱਚ ਇਹਨਾਂ ਦਾ ਕੋਈ ਹਿੱਸਾ ਨਹੀਂ ਅਤੇ ਨਾ ਹੀ ਇਹਨਾਂ ਵਿੱਚੋਂ ਕੋਈ ਅੱਲਾਹ ਦਾ ਮਦਦਗਾਰ ਹੈ। ਅੱਲ੍ਹਾ ਦੇ ਹਜ਼ੂਰ (ਕਿਸੇ ਦੇ ਲਈ ਕੋਈ ਸਿਫ਼ਾਰਸ਼ ਲਾਹੇਵੰਦ ਨਹੀਂ ਹੋਵੇਗੀ ਕੇਵਲ ਉਸ ਦੇ ਬਾਰੇ ਵਿੱਚ ਜਿਸਦੇ ਲਈ ਸਿਫ਼ਾਰਸ਼ ਦੀ ਅੱਲਾਹ ਤਾਅਲਾ ਆਗਿਆ ਦੇਵੇ।(ਅਤੇ ਸਿਫਾਰਸ਼ ਕਰਨ

ਵਾਲੇ ਉਡੀਕ ਕਰਨਗੇ) ਇੱਥੋਂ ਤੱਕ ਕੇ ਜਦ ਉਹਨਾਂ ਦੇ ਦਿਲਾਂ ਦੀ ਘਬਰਾਹਟ ਦੂਰ ਕਰ ਦਿੱਤੀ ਜਾਂਦੀ ਹੈ ਤਾਂ ਆਖਦੇ ਹਨ ਕੇ ਤੁਹਾਡੇ ਰੱਬ ਨੇ ਕੀ ਫ਼ਰਮਾਇਆ ਹੈ ? ਅਤੇ ਆਖਣਗੇ ਹੱਕ ਫ਼ਰਮਾਇਆ
ਅਲ ਕੁਰਆਨ 34:22-23

ਅਤੇ ਐ ਨਬੀ (ਸ.ਅ.ਵ) ! ਤੁਸੀਂ ਇਸ (ਕੁਰਆਨ ਦੇ) ਜਰੀਏ ਉਹਨਾ ਲੋਕਾਂ ਨੂੰ ਨਸੀਹਤ ਕਰੋ ਜਿਹੜੇ ਇਸ ਗੱਲ ਤੋਂ ਡਰਦੇ ਹਨ ਕਿ ਆਪਣੇ ਰੱਬ ਦੇ ਕੋਲ ਅਜਿਹੀ ਹਾਲਤ ਵਿੱਚ ਪੇਸ਼ ਕੀਤੇ ਜਾਣਗੇ ਕਿ ਅੱਲਾਹ ਤੋਂ ਛੁੱਟ ਉਹਨਾ ਦਾ ਨਾ ਕੋਈ ਵਲੀ (ਮਦਦਗਾਰ) ਅਤੇ ਸਿਫ਼ਾਰਸ਼ੀ ਨਹੀਂ ਹੋਵੇਗਾ"।
ਅਲ ਕੁਰਆਨ 6:51

ਮੁਸਬਤ ਸਫ਼ਆਤ ਦੀਆਂ ਕਿਸਮਾਂ

ਹੁਣ ਮੁਸਬਤ ਸਫ਼ਆਤ ਦੀਆਂ ਵੀ ਅੱਗੇ ਕਿਸਮਾਂ ਹਨ ।

1. ਸਫ਼ਆਤ ਏ ਕੁਬਰਾ (ਵੱਡੀ ਸਿਫਾਰਸ਼)
2. ਸਫ਼ਆਤ ਏ ਸੁਗਰਾ -ਆਮ ਸਫ਼ਆਤ

1.ਸਫ਼ਆਤ ਏ ਕੁਬਰਾ

ਇਹ ਸਫ਼ਆਤ ਨਬੀ (ਸ.ਅ.ਵ) ਲਈ ਖ਼ਾਸ ਹੈ ,ਇਸਨੂੰ ਮਕਾਮੇ ਮਹਿਮੂਦ ਵੀ ਕਿਹਾ ਜਾਂਦਾ ਹੈ ।
ਹਿਸਾਬ ਕਿਤਾਬ ਦੇ ਦਿਨ ਜਦੋਂ ਅਗਲੇ ਪਿੱਛਲੇ ਸਾਰੇ ਇਨਸਾਨ ਹਸ਼ਰ ਦੇ ਮੈਦਾਨ ਵਿੱਚ ਖੜੇ ਹੋਣਗੇ । ਤਾਂ ਉਹ ਮੰਜਰ ਬਹੁਤ ਹੀ ਭਿਆਨਕ ਹੋਵੇਗਾ ਸਾਰੇ ਲੋਕ ਨਗਨ ਹਾਲਤ ਵਿੱਚ ,ਬਹੁਤ ਹੀ ਜਿਆਦਾ ਦੁੱਖ-ਤਕਲੀਫ਼,ਪ੍ਰੇਸ਼ਾਨੀ ,ਡਰ ਅਤੇ ਘਬਰਾਹਟ ਵਾਲੇ ਹਾਲਾਤ ਵਿੱਚ ਹੋਣਗੇ ।
ਇੱਥੋਂ ਤੱਕ ਕੇ ਸਾਰੇ ਅੰਬੀਆ ਵੀ ਅੱਲਾਹ ਤਾਅਲਾ ਦੇ ਡਰ ਤੋਂ ,ਉਸ ਅੱਗੇ ਕੁੱਝ ਬੋਲ ਨਹੀਂ ਸਕਣਗੇ ।
ਤਾਂ ਅਜਿਹੇ ਹਾਲਾਤ ਵਿੱਚ ਉਹ ਸਾਰੇ ਲੋਕ ਬਹੁਤ ਸਮਾਂ ਖੜੇ ਉਡੀਕ ਕਰਦੇ ਰਹਿਣਗੇ ਕੇ ਕਦ ਅੱਲਾਹ ਤਾਅਲਾ ਆਉਣ ਅਤੇ ਹਿਸਾਬ ਕਿਤਾਬ ਸ਼ੁਰੂ ਹੋ ਜਾਵੇ । ਤਾਂ ਸਾਰੇ ਲੋਕ ਇਕੱਠੇ ਹੋ ਕੇ ਵਾਰੀ ਵਾਰੀ ਸਭ ਨਬੀ (ਸ.ਅ.ਵ)ਆਂ ਕੋਲ ,ਅੱਲਾਹ ਅੱਗੇ ਸਿਫ਼ਾਰਸ਼ ਕਰਵਾਉਣ ਲਈ ਜਾਣਗੇ ,ਤਾਂ ਸਾਰੇ ਨਬੀ (ਸ.ਅ.ਵ) ਮਨਾ ਕਰ ਦੇਣਗੇ ਤਾਂ ਅਖੀਰ ਉਹ ਮੁਹੰਮਦ (ਸ.ਅ.ਵ) ਕੋਲ ਜਾਣਗੇ
ਤਾਂ ਨਬੀ ਮੁਹੰਮਦ (ਸ.ਅ.ਵ) ਆਖਣਗੇ "ਇਹ ਮੇਰਾ ਹੀ ਕੰਮ ਹੈ।"

ਜਿਸਤੋਂ ਬਾਅਦ ਉਹ ਅੱਲਾਹ ਤਾਅਲਾ ਤੋਂ ਸਿਫ਼ਾਰਸ਼ ਦੀ ਇਜਾਜਤ ਤਲਬ ਕਰਨਗੇ ।
ਅਤੇ ਇਜਾਜਤ ਮਿਲਣ ਤੋਂ ਬਾਅਦ ,ਨਬੀ (ਸ.ਅ.ਵ) ਇਹ ਸਫ਼ਆਤ ਕਰਨਗੇ ਫਿਰ ਕਿਤੇ ਹਿਸਾਬ ਕਿਤਾਬ ਸ਼ੁਰੂ ਹੋਵੇਗਾ।
ਇਸਤੇ ਮੈਦਾਨ ਏ ਹਸ਼ਰ ਵਿੱਚ ਮੌਜੂਦ ਅਗਲੇ ਪਿੱਛਲੇ ਸਾਰੇ ਅੰਬੀਆ ਅਤੇ ਇਨਸਾਨ ਨਬੀ (ਸ.ਅ.ਵ) ਦੀ ਤਾਰੀਫ਼ ਕਰਨਗੇ । ਇਸ ਤਰਾਂ ਨਬੀ (ਸ.ਅ.ਵ) ਨੂੰ ਮਕਾਮੇ ਮਹਿਮੂਦ ਤੇ ਖੜਾ ਕੀਤਾ ਜਾਵੇਗਾ।
ਇਹ ਸਫ਼ਆਤ ਏ ਆਜਮ (ਵੱਡੀ) ਹੈ ।

2.ਸਫ਼ਆਤ ਏ ਸੁਗਰਾ

ਇਹ ਸਿਫ਼ਾਰਸ਼ੀ ਆਮ ਹੋਵੇਗੀ
ਨਬੀ (ਸ.ਅ.ਵ) ਮੁਹੰਮਦ ਦੇ ਨਾਲ ਨਾਲ ਬਾਕੀ ਸਾਰੇ ਅੰਬੀਆ ਵੀ ਆਪਣੀ ਆਪਣੀ ਉੱਮਤ ਦੇ ਲੋਕਾਂ ਲਈ ਕਰਨਗੇ ।
ਫਿਰ ਇਸਤੋਂ ਇਲਾਵਾ ਬਾਕੀ ਸਾਰੇ ਨੇਕ ਲੋਕ , ਸ਼ਹੀਦ ਦਰਜਾ ਬਾ ਦਰਜਾ ਇਹ ਸਫ਼ਆਤ ਕਰਨਗੇ ।
ਕੁਰਆਨ ,ਅਤੇ ਇਸਦੀਆਂ ਕੁੱਝ ਖਾਸ ਸੂਰਤਾਂ, ਦੇ ਨਾਲ ਨਾਲ ਨੇਕ ਅਮਲ ਵੀ ਇਨਸਾਨ ਦੇ ਹੱਕ ਵਿੱਚ ਸਿਫ਼ਾਰਸ਼ੀ ਕਰਨਗੇ ।

ਇਹ ਸਫ਼ਆਤ ਸਿਰਫ਼ ਅਤੇ ਸਿਰਫ਼ ਤੌਹੀਦ ਪਰਸਤਾ ਲਈ ਹੋਵੇਗੀ ।
ਮੁਨਾਫ਼ਿਕਾਂ ਅਤੇ ਸ਼ਿਰਕ ਕਰਨ ਵਾਲਿਆਂ ਲਈ ਨਾ ਤਾ ਇਸਦੀ ਇਜਾਜਤ ਦਿੱਤੀ ਜਾਵੇਗੀ ਅਤੇ ਨਾ ਹੀ ਕੁਬੂਲ ਕੀਤੀ ਜਾਵੇਗੀ

ਤੌਹੀਦ ਨੂੰ ਇਖ਼ਤਿਆਰ ਕਰਨ ਵਾਲੇ ਫਿਰ ਇਸੇ ਉੱਪਰ ਮਰਨ ਵਾਲੇ , ਪਰ ਬਹੁਤ ਵੱਡੇ ਗੁਨਾਹ ਗਾਰ ਇਨਸਾਨ ਜੋ ਆਪਣੇ ਗੁਨਾਹਾਂ ਦੀ ਵਜ੍ਹਾ ਨਾਲ ਜਹਨੰਮ ਵਿੱਚ ਦਾਖਿਲ ਹੋ ਜਾਣਗੇ ਉਹਨਾਂ ਦੀ ਮੁਆਫੀ ਅਤੇ ਜੰਨਤ ਵਿੱਚ ਦਾਖਿਲੇ ਲਈ ਇਹ ਸਿਫ਼ਾਰਸ਼ ਹੋਵੇਗੀ ।

ਇਹਨਾਂ ਸਾਰੀਆਂ ਗੱਲਾਂ ਦੀ ਦਲੀਲ ਕੁਰਆਨ ਅਤੇ ਹਦੀਸ ਵਿੱਚੋਂ ਅਗਲੇ ਪੰਨਿਆਂ ਤੇ ਪੜ੍ਹਾਂਗੇ ਇੰਨਸਾ-ਅੱਲਾਹ

ਉਹ ਸਫ਼ਆਤ ਜੋ ਮੁਹੰਮਦ (ਸ.ਅ.ਵ) ਲਈ ਖਾਸ ਹਨ

ਉਹ ਸਫ਼ਆਤ ਜੋ ਨਬੀ ਲਈ ਖ਼ਾਸ ਹਨ
1. ਸਫ਼ਆਤ ਏ ਕੁਬਰਾ (ਵੱਡੀ ਸਫ਼ਆਤ)
2. ਜੰਨਤ ਦਾ ਦਰਵਾਜਾ ਖੁਲਵਾਉਣਾ ਅਤੇ ਜੰਨਤੀਆਂ ਨੂੰ ਜੰਨਤ ਵਿੱਚ ਦਾਖਿਲ ਕਰਵਾਉਣਾ।
3. ਚਾਚੇ ਅਬੁ ਤਾਲਿਬ ਦੇ ਅਜ਼ਾਬ ਵਿੱਚ ਘਾਟ ਲਈ (ਕਿਓਂ ਜੋ ਮੁਸ਼ਰੀਕੀਨ ਲਈ ਕੋਈ ਸਿਫ਼ਾਰਸ਼ ਨਹੀਂ ਕੀਤੀ ਜਾਵੇਗੀ ਅਤੇ ਨਾਂ ਹੀ ਮੰਨੀ ਜਾਵੇਗੀ, ਇਸ ਲਈ ਇਹ ਸਿਰਫ਼ ਨਬੀ ਲਈ ਖਾਸ ਹੈ)
4. ਕੁੱਝ ਲੋਕਾਂ ਦੇ ਬਿਨਾਂ ਹਿਸਾਬ-ਕਿਤਾਬ ਜੰਨਤ ਵਿੱਚ ਦਾਖਿਲ ਹੋਣ ਲਈ

ਅੱਕੀਦੇ ਦੀਆਂ ਬਹੁਤ ਹੀ ਮਹੱਤਵ ਪੂਰਣ ਕਿਤਾਬਾਂ ਵਿੱਚੋਂ ਇੱਕ ਬੇਹਤਰੀਨ ਕਿਤਾਬ ਸ਼ਰਹ ਅਸ-ਸੁੰਨਾਹ ਇਮਾਮ ਬਾਰਬਹਾਰੀ ਵਿੱਚ
ਇਮਾਮ ਬਾਰਬਹਾਰੀ ਕਹਿੰਦੇ ਹਨ ਕਿ ਕਿਆਮਤ ਦੇ ਦਿਨ, ਪਾਪੀਆਂ ਲਈ ਅੱਲ੍ਹਾ ਦੇ ਨਬੀ (ਸ.ਅ.ਵ) ਦੀ ਸਿਫਾਰਸ਼ ਅਤੇ ਪੁਲ ਸਿਰਾਤ ਵਿਚ ਇਮਾਨ ਰੱਖਣਾ ਜ਼ਰੂਰੀ ਹੈ. ਨਬੀ ਮੁਹੰਮਦ (ਸ.ਅ.ਵ) ਜਹੰਨਮ ਵਿੱਚੋਂ ਪਾਪੀਆਂ ਨੂੰ ਬਾਹਰ ਕੱਢੇਣਗੇ ਅਤੇ ਹਰ ਨਬੀ ਆਪਣੀ ਉੱਮਤ ਲਈ ਉਸੇ ਤਰ੍ਹਾਂ ਸਿਫਾਰਸ਼ ਕਰੇਗਾ
ਇਸੇ ਤਰ੍ਹਾਂ ਨੇਕ ਲੋਕ ਅਤੇ ਸ਼ਹੀਦ ਵੀ ਸਿਫਾਰਸ਼ ਕਰਨਗੇ।
(ਅੱਲ੍ਹਾ ਤਾਆਲਾ ਦੀ ਆਗਿਆ ਨਾਲ) ਅਤੇ ਅੰਤ ਵਿੱਚ ਅੱਲ੍ਹਾ ਤਾਆਲਾ ਆਪਣੀ ਰਹਿਮਤ ਦੁਆਰਾ ਜਹੰਨਮ ਦੇ ਕੁਝ ਲੋਕਾਂ ਨੂੰ ਰਿਹਾਈ ਦੇਵੇਗਾ ਜਦੋਂ ਉਹ ਸਾੜ ਦਿੱਤੇ ਜਾਣਗੇ ਅਤੇ ਕੋਲੇ ਬਣ ਜਾਣਗੇ।
ਸ਼ਰਹ ਅਸ-ਸੁੰਨਾਹ (ਬਰਬਹਾਰੀ) (ਨੰਬਰ: 22, ਪੰਨਾ: 66)

ਇਮਾਮ ਇਬਨੇ ਕੁਦਾਮਾ ਦਾ ਕਹਿਣਾ ਹੈ ਕਿ ਅੱਲ੍ਹਾ ਦੇ ਨਬੀ (ਸ.ਅ.ਵ) (ਕਬੀਰਾ ਗੁਨਾਹ ਕਰਨ ਵਾਲਿਆਂ ਲਈ ਸਿਫ਼ਾਰਿਸ਼ ਕਰਨਗੇ ਉਨ੍ਹਾਂ ਨੂੰ ਇਸ ਹਾਲਤ ਵਿੱਚ ਜਹੰਨਮ ਵਿੱਚੋਂ ਬਾਹਰ ਕੱਢਿਆ ਜਾਵੇਗਾ ਕਿ ਉਹ ਸੜਕੇ ਕੋਲੇ ਹੋ ਜਾਣਗੇ
ਇਸੇ ਤਰ੍ਹਾਂ, ਹੋਰ ਨਬੀ, ਨੇਕ ਲੋਕ ਅਤੇ ਫ਼ਰਿਸ਼ਤਿਆਂ ਨੂੰ ਵੀ ਆਗਿਆ ਦਿੱਤੀ ਜਾਵੇਗੀ
ਅੱਲ੍ਹਾ ਤਾਅਲਾ ਫਰਮਾਉਂਦੇ ਹਨ (21: 28)
"ਅਤੇ ਉਹ ਕਿਸੇ ਲਈ ਸਿਫ਼ਾਰਿਸ਼ ਨਹੀਂ ਕਰ ਸਕਦੇ ਸਿਵਾਏ ਉਸ ਵਿਅਕਤੀ ਦੇ ਜਿਸ ਨਾਲ ਅੱਲ੍ਹਾ ਖੁਸ਼ ਹੈ ਅਤੇ ਜੋ ਅੱਲ੍ਹਾ ਤੋਂ ਡਰਦਾ ਹੈ."

ਕੋਈ ਵੀ ਕਦੇ ਵੀ ਕਾਫ਼ਿਰ (ਮੁਸ਼ਰੀਕੀਨ) ਲਈ ਸਿਫਾਰਸ਼ ਨਹੀਂ ਕਰੇਗਾ।
ਲੁਮਾਤ ਅਲ-ਇਤਕਾਦ (ਪੰਨਾ 128)

ਇਸ ਅੱਕੀਦੇ ਬਾਰੇ ਹੋਰ ਪੜ੍ਹਨ ਲਈ ਦੇਖੋ ਸਹੀ
ਅਕੀਦਾ ਵਾਸਤੀਆ (ਪੰਨਾ 18-19)
ਉਸੂਲ ਸੁੰਨਾਹ (ਨੰਬਰ: 34)
ਇਮਾਮ ਅਬੀ ਬਕਰ ਬਿਨ ਅਬੀ ਦਾਊਦ ਅਲ-ਸਾਜਿਸਤਾਨੀ ਦੁਆਰਾ
ਅਲ-ਮੰਜ਼ੂਮਤ ਅਲ-ਹਯਾਤ: (316)
ਸ਼ਰਹ ਅਲ-ਅਕੀਦਾ ਤਹਾਵੀਆ (ਪੰਨਾ 229-239)

ਹਦੀਸਾਂ ਵਿੱਚ ਸਫ਼ਆਤ (ਵੱਡੀ ,ਖਾਸ ਅਤੇ ਆਮ) ਦਾ ਵਰਨਣ

1.ਸਫ਼ਆਤ ਏ ਕੁਬਰਾ ਅਤੇ ਇਸਦਾ ਮਕਾਮੇ ਮਹਿਮੂਦ ਹੋਣਾ ਅਤੇ ਇਹ ਫੈਸਲਾ ਸ਼ੁਰੂ ਕਰਵਾਉਣ ਲਈ ਹੋਵੇਗੀ (ਖਾਸ ਸਫ਼ਆਤ)

ਜਾਬਿਰ ਬਿਨ ਅਬਦੁੱਲਾ ਤੋਂ ਰਵਾਇਤ ਹੈ: ਨਬੀ (ਸ.ਅ.ਵ) ਨੇ ਫ਼ਰਮਾਇਆ: ਮੈਨੂੰ ਪੰਜ ਚੀਜ਼ਾਂ ਅਜਿਹੀਆਂ ਦਿੱਤੀਆਂ ਗਈਆਂ ਜੋ ਮੇਰੇ ਤੋਂ ਪਹਿਲਾਂ ਕਿਸੇ ਨੂੰ ਨਹੀਂ ਦਿੱਤੀਆਂ ਗਈਆਂ .ਇੱਕ ਮਹੀਨੇ ਦੀ ਮੁਸਾਫ਼ਤ ਦੀ ਦੂਰੀ ਤੋਂ ਰੋਅਬ ਦੇ ਜਰੀਏ (ਰੱਬ ਦੁਆਰਾ) ਮੇਰੀ ਮਦਦ ਕੀਤੀ ਗਈ, ਅਤੇ ਸਾਰੀ ਧਰਤੀ ਮੇਰੇ ਲਈ ਸੱਜਦਾਗਾਹ ਅਤੇ ਤਹਾਰਤ ਦੇ ਯੋਗ ਬਣਾ ਦਿੱਤੀ ਗਈ ਹੈ. ਇਸ ਲਈ ਮੇਰੀ ਉੱਮਤ ਦਾ ਕੋਈ ਵੀ ਵਿਅਕਤੀ (ਜਿੱਥੇ ਵੀ) ਨਮਾਜ਼ ਦਾ ਸਮਾਂ ਪਾ ਲਵੇ , ਉਸ ਨੂੰ ਉੱਥੇ ਹੀ ਨਮਾਜ਼ ਅਦਾ ਕਰ ਲੈਣੀ ਚਾਹੀਦੀ ਹੈ। ਅਤੇ ਗ਼ਨੀਮਤ ਦੇ ਮਾਲ ਨੂੰ ਮੇਰੇ ਲਈ ਹਲਾਲ ਕਰ ਦਿੱਤਾ ਗਿਆ ਹੈ। ਇਹ ਮੇਰੇ ਤੋਂ ਪਹਿਲਾਂ ਕਿਸੇ ਲਈ ਵੀ ਜਾਇਜ਼ ਨਹੀਂ ਸੀ। ਅਤੇ ਮੈਨੂੰ ਸਫ਼ਆਤ ਅਤਾ ਕੀਤੀ ਗਈ . ਅਤੇ ਸਾਰੇ ਨਬੀ (ਸ.ਅ.ਵ) ਉਨ੍ਹਾਂ ਦੇ ਆਪਣੇ ਲੋਕਾਂ ਲਈ ਭੇਜੇ ਗਏ ਸਨ, ਪਰ ਮੈਨੂੰ ਆਮ ਤੌਰ 'ਤੇ ਸਾਰੀ ਮਨੁੱਖਜਾਤੀ ਲਈ ਇੱਕ ਨਬੀ (ਸ.ਅ.ਵ) ਬਣਾ ਕੇ ਭੇਜਿਆ ਗਿਆ ਹੈ.
ਸਹੀ ਬੁਖ਼ਾਰੀ 335

ਅਬੂ ਹੁਰੈਰਾ ਤੋਂ ਰਵਾਇਤ ਹੈ ਕਿ: ਅੱਲ੍ਹਾ ਦੇ ਨਬੀ (ਸ.ਅ.ਵ) ਨੇ ਆਇਤ (ਬਹੁਤ ਜਲਦ ਤੁਹਾਡਾ ਰੱਬ ਤੁਹਾਨੂੰ ਮਕਾਮੇ ਮਹਿਮੂਦ ਤੇ ਖੜਾ ਕਰੇਗਾ)
(ਅਲ ਕੁਰਆਨ 17:79)
ਦੇ ਬਾਰੇ ਪੁੱਛੇ ਜਾਣ 'ਤੇ ਫ਼ਰਮਾਇਆ: ਇਸਦਾ ਅਰਥ ਹੈ ਸਫ਼ਆਤ।

ਇਮਾਮ ਤਿਰਮਿਜੀ ਕਹਿੰਦੇ ਹਨ: ਇਹ ਹਦੀਸ ਹਸਨ ਹੈ।
ਤਿਰਮੀਜ਼ੀ 3137 (ਸਹੀ)

ਨਬੀ (ਸ.ਅ.ਵ) ਨੇ ਫ਼ਰਮਾਇਆ : 'ਜਦੋਂ ਫੈਸਲੇ (ਨਿਆਂ) ਦਾ ਦਿਨ ਆਵੇਗਾ, ਮੈਂ ਨਬੀਆਂ ਦਾ ਇਮਾਮ ਅਤੇ ਉਨ੍ਹਾਂ ਦਾ ਖ਼ਤੀਬ (ਬੁਲਾਰਾ) ਹੋਵਾਂਗਾ ਅਤੇ ਮੈਂ ਉਨ੍ਹਾਂ ਦਾ ਸਫ਼ਆਤ (ਸਿਫਾਰਸ਼) ਕਰਨ ਵਾਲਾ ਹੋਵਾਂਗਾ ਅਤੇ (ਮੈਨੂੰ) ਇਸ ਗੱਲ ਦਾ ਕੋਈ ਘਮੰਡ ਨਹੀਂ ਹੈ.
'ਇਮਾਮ ਤਿਰਮਿਜੀ ਕਹਿੰਦੇ ਹਨ: ਇਹ ਹਦੀਸ ਹਸਨ ਸਹੀ ਗ਼ਰੀਬ ਹੈ।
ਤਿਰਮੀਜ਼ੀ 3613 (ਸਹੀ)

ਅਬਦੁੱਲਾਹ ਇਬਨੇ ਉਮਰ (ਰਜ) ਤੋਂ ਰਵਾਇਤ ਹੈ ਕਿ
ਫਿਰ ਨਬੀ (ਸ.ਅ.ਵ) ਮਖ਼ਲੂਕ ਦਾ ਫੈਸਲਾ (ਸ਼ੁਰੂ) ਕਰਵਾਉਣ ਲਈ ਸਫ਼ਆਤ ਕਰਨਗੇ. ਫਿਰ ਅੱਗੇ ਵਧਣਗੇ ਅਤੇ ਜੰਨਤ ਦੇ ਦਰਵਾਜ਼ੇ ਨੂੰ ਫੜਣਗੇ । ਅਤੇ ਉਸ ਦਿਨ,ਅੱਲ੍ਹਾ ਤਾਅਲਾ ਤੁਹਾਨੂੰ ਮੁਕਾਮ ਏ ਮਹਿਮੂਦ ਅਤਾ ਕਰੇਗਾ. ਜਿਸ ਦੀ ਸਾਰੇ (ਹਸ਼ਰ ਦੇ ਮੈਦਾਨ ਵਿਚ ਮੌਜੂਦ) ਲੋਕ ਸ਼ਲਾਘਾ ਕਰਨਗੇ
ਸਹੀ ਬੁਖ਼ਾਰੀ 1475

ਹਜ਼ਰਤ ਅਬਦੁੱਲਾ ਬਿਨ ਅਮਰੁ ਬਿਨ ਆਸ ਤੋਂ ਬਿਆਨ ਕੀਤਾ ਗਿਆ ਹੈ ਕਿ ਉਹਨਾਂ ਨੇ ਨਬੀ (ਸ.ਅ.ਵ) ਨੂੰ ਇਹ ਕਹਿੰਦੇ ਹੋਏ ਸੁਣਿਆ: "ਜਦੋਂ ਤੁਸੀਂ ਮੁਅੱਜ਼ਿਨ ਨੂੰ ਸੁਣਦੇ ਹੋ, ਤਾਂ ਉਹੀ ਕਹੋ ਜਿਵੇਂ ਉਹ ਕਹਿੰਦਾ ਹੈ, ਫਿਰ ਮੇਰੇ 'ਤੇ ਦਰੂਦ ਭੇਜੋ, ਕਿਉਂਕਿ ਜੋ ਵੀ ਮੇਰੇ 'ਤੇ ਇਕ ਵਾਰ ਦਰੂਦ ਭੇਜਦਾ ਹੈ ਅੱਲ੍ਹਾ

ਬਦਲੇ ਵਿੱਚ ਉਸ 'ਤੇ ਦਸ ਰਹਿਮਤਾਂ ਨਾਜ਼ਿਲ ਕਰਦਾ ਹੈ, ਫਿਰ ਅੱਲ੍ਹਾ ਤੋਂ ਮੇਰੇ ਲਈ ਇੱਕ ਵਸੀਲਾ (ਦੁਆ ਦੇ ਜਰੀਏ) ਮੰਗੋ ਕਿਉਂਕਿ ਉਹ ਜੰਨਤ ਵਿੱਚ ਇੱਕ ਅਜਿਹਾ ਮਕਾਮ ਹੈ ਜੋ ਅੱਲ੍ਹਾ ਦੇ ਬੰਦਿਆਂ ਵਿੱਚੋਂ ਸਿਰਫ਼ ਇੱਕ ਨੂੰ ਹੀ ਮਿਲੇਗਾ ਅਤੇ ਮੈਂ ਉਮੀਦ ਕਰਦਾ ਹਾਂ, ਉਹ ਮੈਂ ਹੋਵਾਂਗਾ, ਇਸ ਲਈ ਜਿਸ ਨੇ ਮੇਰੇ ਲਈ ਕੋਈ ਵਸੀਲਾ ਮੰਗਿਆ ਤਾਂ (ਮੇਰੀ) ਸਿਫ਼ਾਰਸ਼ ਉਸ ਲਈ ਲਾਜ਼ਮੀ ਹੋ ਗਈ

ਸਹੀ ਮੁਸਲਿਮ 384 (747) (849)

ਅੱਲ੍ਹਾ ਦੇ ਨਬੀ (ਸ.ਅ.ਵ) ਨੇ ਕਿਹਾ: ਮੇਰੇ ਬਹੁਤ ਸਾਰੇ ਨਾਮ ਹਨ, ਮੈਂ ਮੁਹੰਮਦ, ਅਹਿਮਦ ਅਤੇ ਮਾਹੀ-ਮਤਲਬ ਮੇਰੀ ਵਜ੍ਹਾ ਨਾਲ ਅੱਲਾਹ ਕੁਫਰ ਨੂੰ ਮਿਟਾਵੇਗਾ .ਅਤੇ ਮੈਂ ਹਾਸ਼ਿਰ ਹਾਂ, ਲੋਕ ਕਿਆਮਤ ਦੇ ਦਿਨ ਮੇਰੇ ਕੋਲ (ਅੱਲਾਹ ਅੱਗੇ) ਸਿਫ਼ਾਰਸ਼ ਕਰਵਾਉਣ ਲਈ ਇਕੱਠੇ ਹੋਣਗੇ. ਅਤੇ ਮੈਂ ਆਕਿਬ ਹਾਂ, ਭਾਵ ਮੇਰੇ ਤੋਂ ਬਾਅਦ ਕੋਈ ਨਬੀ ਨਹੀਂ ਹੈ। ਅਤੇ ਅੱਲ੍ਹਾ ਨੇ ਉਹਨਾਂ ਦਾ ਨਾਮ ਰਊਫ ਅਤੇ ਰਹੀਮ (ਬਹੁਤ ਕੋਮਲ ਅਤੇ ਬਹੁਤ ਦਿਆਲੂ) ਰੱਖਿਆ।

ਸਹੀ ਮੁਸਲਿਮ 2354 b (5811) (6106)

ਹਜ਼ਰਤ ਅਬੂ ਹੁਰੈਰਾ (ਰ.ਅ.) ਨੇ ਹਦੀਸ ਬਿਆਨ ਕਰਦੇ ਹੋਏ ਕਿਹਾ: ਅੱਲ੍ਹਾ ਦੇ ਨਬੀ (ਸ.ਅ.ਵ) ਨੇ ਕਿਹਾ: "ਮੈਂ ਕਿਆਮਤ ਦੇ ਦਿਨ ਆਦਮ ਦੀ ਸਾਰੀ ਔਲਾਦ ਦਾ ਸਰਦਾਰ ਹੋਵਾਂਗਾ, ਮੈਂ ਸਭ ਤੋਂ ਪਹਿਲਾ ਵਿਅਕਤੀ ਹੋਵਾਂਗਾ ਜਿਸ ਦੀ ਕਬਰ (ਸਭ ਤੋਂ ਪਹਿਲਾ) ਖੁੱਲ੍ਹੇਗੀ । ਮੈਂ ਸਭ ਤੋਂ ਪਹਿਲਾ ਸਫ਼ਆਤ ਕਰਨ ਵਾਲਾ ਹੋਵਾਂਗਾ ਅਤੇ ਉਹ ਪਹਿਲਾ ਹੋਵਾਂਗਾ ਜਿਸ ਦੀ ਸਫ਼ਆਤ ਕੁਬੂਲ ਕੀਤੀ ਜਾਵੇਗੀ।

ਸਹੀ ਮੁਸਲਿਮ 2278 (5655) (5940)

ਹਜ਼ਰਤ ਇਬਨੇ ਉਮਰ ਤੋਂ ਰਵਾਇਤ ਹੈ ਕੇ, ਉਨ੍ਹਾਂ ਨੇ ਕਿਹਾ ਕਿ ਕਿਆਮਤ ਦੇ ਦਿਨ, ਉੱਮਤਾਂ ਗਿਰੋਹ ਦਰ ਗਿਰੋਹ ਚੱਲਣਗੀਆਂ. ਹਰ ਉੱਮਤ ਆਪਣੇ ਨਬੀ ਦੇ ਪਿੱਛੇ ਹੋਵੇਗੀ ਅਤੇ (ਨਬੀਆਂ ਨੂੰ) ਕਹੇਗੀ: ਹੇ ਨਬੀ ! ਸਾਡੇ ਲਈ ਸਿਫ਼ਾਰਸ਼ ਕਰੋ (ਪਰ ਉਹ ਸਾਰੇ ਇਨਕਾਰ ਕਰ ਦੇਣਗੇ) ,ਅੰਤ ਵਿਚ ਸਿਫ਼ਾਰਸ਼ ਲਈ, ਉਹ ਨਬੀ ਮੁਹੰਮਦ (ਸ.ਅ.ਵ) ਦੀ ਖ਼ਿਦਮਤ ਵਿੱਚ ਹਾਜਿਰ ਹੋਣਗੇ , ਫਿਰ ਇਹੀ ਉਹ ਦਿਨ ਹੋਵੇਗਾ ਜਦੋਂ ਅੱਲ੍ਹਾ ਤਾਅਲਾ ਨਬੀ (ਸ.ਅ.ਵ) ਨੂੰ ਮਕਾਮ ਏ ਮਹਿਮੂਦ ਅਤਾ ਕਰੇਗਾ
ਸਹੀ ਬੁਖ਼ਾਰੀ 4718

ਅਬੂ ਸਈਦ ਅਲ-ਖੁਦਰੀ ਤੋਂ ਰਵਾਇਤ ਹੈ :
ਅੱਲ੍ਹਾ ਦੇ ਨਬੀ (ਸ.ਅ.ਵ) ਨੇ ਫ਼ਰਮਾਇਆ: ਕਿਆਮਤ ਦੇ ਦਿਨ, ਮੈਂ ਸਾਰੇ ਇਨਸਾਨਾਂ ਦਾ ਸਰਦਾਰ ਹੋਵਾਂਗਾ। ਅਤੇ ਮੈਨੂੰ ਇਸ ਗੱਲ 'ਤੇ ਕੋਈ ਘਮੰਡ ਨਹੀਂ ਹੈ ।
ਮੇਰੇ ਹੱਥ ਵਿੱਚ ਹਮਦ (ਸ਼ੁਕਰ) (ਉਸਤਤ) ਦਾ ਝੰਡਾ ਹੋਵੇਗਾ ਅਤੇ ਮੈਨੂੰ (ਇਸ ਸਨਮਾਨ ਦਾ) ਕੋਈ ਘਮੰਡ ਨਹੀਂ ਹੈ । ਉਸ ਦਿਨ, ਆਦਮ ਅਤੇ ਆਦਮ ਤੋਂ ਇਲਾਵਾ ਬਾਕੀ ਸਾਰੇ ਨਬੀ ਮੇਰੇ ਝੰਡੇ ਹੇਠ ਹੋਣਗੇ. ਮੈਂ ਪਹਿਲਾ ਵਿਅਕਤੀ ਹੋਵਾਂਗਾ ਜਿਸ ਲਈ ਜਮੀਨ ਫਟੇਗੀ (ਕਬਰ ਸਭ ਤੇ ਪਹਿਲਾਂ ਖੁੱਲੇਗੀ) ਅਤੇ ਮੈਂਨੂੰ ਇਸ ਬਾਰੇ ਵੀ ਕੋਈ ਘਮੰਡ ਨਹੀਂ ਅਤੇ ਕਿਹਾ: (ਕਿਆਮਤ ਦੇ ਦਿਨ) ਲੋਕਾਂ ਉੱਤੇ ਤਿੰਨ ਵਾਰ ਬਹੁਤ ਸਖ਼ਤ ਘਬਰਾਹਟ ਤਾਰੀ ਹੋਵੇਗੀ। ਲੋਕ ਆਦਮ ਕੋਲ ਆਉਣਗੇ ਅਤੇ ਕਹਿਣਗੇ:

ਤੂੰ ਸਾਡਾ ਪਿਤਾ ਹੈਂ, ਸਾਡੇ ਲਈ ਆਪਣੇ ਰੱਬ ਕੋਲ ਸਫ਼ਆਤ (ਸਿਫਾਰਿਸ਼) ਕਰੋ।
ਉਹ ਕਹਿਣਗੇ: ਮੈਂ ਇੱਕ ਗੁਨਾਹ ਕੀਤਾ ਜਿਸ ਲਈ ਮੈਨੂੰ ਧਰਤੀ 'ਤੇ ਭੇਜਿਆ ਗਿਆ ਸੀ।
ਤੁਸੀਂ ਲੋਕ ਨੂਹ ਕੋਲ ਜਾਓ, ਉਹ ਲੋਕ ਨੂਹ ਕੋਲ ਆਉਣਗੇ।
ਪਰ ਨੂਹ ਆਖਣਗੇ: ਮੈਂ ਧਰਤੀ ਦੇ ਵਾਸੀਆਂ ਲਈ ਬਦ ਦੁਆ ਕਰ ਚੁੱਕਾ ਹਾਂ ਜਿਸ ਦੇ ਨਤੀਜੇ ਵਜੋਂ ਉਹ ਤਬਾਹ ਹੋ ਗਏ ਸਨ.
ਪਰ ਅਜਿਹਾ ਕਰੋ, ਤੁਸੀਂ ਲੋਕ ਇਬਰਾਹੀਮ ਕੋਲ ਜਾਓ, ਉਹ ਲੋਕ ਇਬਰਾਹੀਮ ਕੋਲ ਆਉਣਗੇ। ਇਬਰਾਹੀਮ ਕਹਿਣਗੇ: ਮੈਂ ਤਿੰਨ ਝੂਠ ਬੋਲੇ ਹਨ
ਨਬੀ (ਸ.ਅ.ਵ) ਕਿਹਾ: 'ਉਨ੍ਹਾਂ ਵਿੱਚੋਂ ਕੋਈ ਵੀ ਝੂਠ, ਝੂਠ ਨਹੀਂ ਸੀ, ਸਗੋਂ ਇਹ ਅੱਲ੍ਹਾ ਦੇ ਦੀਨ ਦਾ ਸਮਰਥਨ ਅਤੇ ਪੁਸ਼ਟੀ ਕਰਨ ਦਾ ਇਰਾਦਾ ਸੀ।

ਹਾਲਾਂਕਿ, ਜੇ ਤੁਸੀਂ ਮੂਸਾ ਕੋਲ ਜਾਂਦੇ ਹੋ, ਤਾਂ ਉਹ ਲੋਕ ਮੂਸਾ ਕੋਲ ਆਉਣਗੇ.
ਮੂਸਾ ਕਹਿਣਗੇ : ਮੈਂ ਇੱਕ ਕਤਲ ਕਰ ਚੁੱਕਾ ਹਾਂ, ਪਰ ਤੁਸੀਂ ਈਸਾ ਕੋਲ ਜਾਓ।
ਫਿਰ ਉਹ ਈਸਾ ਕੋਲ ਜਾਣਗੇ, ਉਹ ਕਹਿਣਗੇ: ਮੈਨੂੰ ਅੱਲ੍ਹਾ ਤੋਂ ਇਲਾਵਾ ਇੱਕ ਮਾਅਬੂਦ ਬਣਾਇਆ ਗਿਆ ਸੀ

ਤੁਸੀਂ ਮੁਹੰਮਦ ਕੋਲ ਜਾਓ ਤਾਂ ਨਬੀ (ਸ.ਅ.ਵ) ਕਿਹਾ: 'ਲੋਕ ਮੇਰੇ ਕੋਲ ਆਉਣਗੇ (ਸਿਫ਼ਾਰਸ਼ ਕਰਵਾਉਣ ਦੇ ਮਕਸਦ ਨਾਲ)। ਮੈਂ ਉਹਨਾਂ ਦੇ ਨਾਲ (ਰੱਬੀ ਦਰਬਾਰ ਵਿਚ) ਜਾਵਾਂਗਾ।

ਇਬਨੇ ਜਦਆਨ (ਹਦੀਸ ਦਾ ਰਾਵੀ) ਕਹਿੰਦਾ ਹੈ

ਅਨਸ ਨੇ ਕਿਹਾ: ਮੈਨੂੰ ਇੰਝ ਲੱਗ ਰਿਹਾ ਹੈ ਜਿਵੇਂ ਮੈਂ ਅੱਲ੍ਹਾ ਦੇ ਰਸੂਲ ਨੂੰ ਦੇਖ ਰਿਹਾ ਹਾਂ। ਫਿਰ ਨਬੀ (ਸ.ਅ.ਵ) ਨੇ ਕਿਹਾ: 'ਮੈਂ ਜੰਨਤ ਦੇ ਦਰਵਾਜ਼ੇ ਦੀ (ਜ਼ੰਜੀਰ) ਨੂੰ ਫੜਾਂਗਾ ਅਤੇ ਇਸ ਨੂੰ ਹਿਲਾਵਾਂਗਾ ਪੁੱਛਿਆ ਜਾਵੇਗਾ: ਕੌਣ ਹੈ? ਕਿਹਾ ਜਾਵੇਗਾ: ਮੁਹੰਮਦ ਹੈ, ਉਹ ਲੋਕ ਮੇਰੇ ਲਈ ਦਰਵਾਜ਼ਾ ਖੋਲ੍ਹਣਗੇ.
ਅਤੇ ਉਹ ਮੇਰਾ ਸੁਆਗਤ ਕਰਨਗੇ,
(ਅੰਦਰ ਪਹੁੰਚ ਕੇ) ਮੈਂ ਸਜਦੇ ਵਿੱਚ ਗਿਰ ਜਾਂਵਾਂਗੇ, ਹਮਦ ਅਤੇ ਸਨਾ ਦੇ ਜੋ ਸ਼ਬਦ ਅੱਲ੍ਹਾ ਮੇਰੇ ਦਿਲ ਵਿੱਚ ਪਵੇਗਾ, ਉਹ ਮੈਂ ਸਿਜਦੇ ਵਿੱਚ ਪੜ੍ਹਾਂਗਾ।
ਫਿਰ ਮੈਨੂੰ ਕਿਹਾ ਜਾਵੇਗਾ: ਆਪਣਾ ਸਿਰ ਉਠਾਓ, (ਜੋ ਚਾਹੋ) ਮੰਗੋ ਅਤੇ ਉਹ ਤੁਹਾਨੂੰ ਦਿੱਤਾ ਜਾਵੇਗਾ। (ਜੇਕਰ ਤੁਸੀਂ ਕਿਸੇ ਦੀ ਸਿਫ਼ਾਰਸ਼ ਕਰਨੀ ਚਾਹੁੰਦੇ ਹੋ ਤਾਂ) ਸਿਫਾਰਿਸ਼ ਕਰੋ ਅਤੇ ਤੁਹਾਡੀ ਸਫ਼ਆਤ (ਸਿਫ਼ਾਰਸ਼) ਕੁਬੂਲ (ਪ੍ਰਵਾਨ) ਕੀਤੀ ਜਾਵੇਗੀ।
ਅਤੇ ਕਹੋ ਤੁਹਾਡੀ ਗੱਲ ਸੁਣੀ ਜਾਵੇਗੀ। ਅਤੇ ਉਹ ਥਾਂ (ਜਿੱਥੇ ਇਹ ਗੱਲਾਂ ਹੋਣਗੀਆਂ) ਮਕਾਮ ਏ ਮਹਿਮੂਦ ਹੋਵੇਗੀ
ਜਿਸ ਬਾਰੇ ਅੱਲ੍ਹਾ ਤਾਅਲਾ ਨੇ ਫ਼ਰਮਾਇਆ ਹੈ
{ਬਹੁਤ ਜਲਦ ਤੁਹਾਡਾ ਰੱਬ ਤੁਹਾਨੂੰ ਮਕਾਮੇ ਮਹਿਮੂਦ ਤੇ ਖੜਾ ਕਰੇਗਾ)
(ਅਲ ਕੁਰਆਨ 17:79)}

ਸੁਫਿਆਨ ਸੌਰੀ ਕਹਿੰਦੇ ਹੈ: ਅਨਸ ਦੀ ਰਵਾਇਤ ਵਿੱਚ, ਇਹ ਸ਼ਬਦ (ਉਹਨਾਂ ਨੇ ਜੰਨਤ ਦੇ ਦਰਵਾਜੇ ਦੇ ਹਲਕੇ ਨੂੰ ਹਿਲਾਇਆ) ਅਤੇ ਇਸ ਤੋਂ ਇਲਾਵਾ ਹੋਰ ਕੁਝ ਨਹੀਂ ਹੈ
ਇਮਾਮ ਤਿਰਮਿਜੀ ਕਹਿੰਦੇ ਹਨ:
ਇਹ ਹਦੀਸ ਹਸਨ ਹੈ.
ਤਿਰਮੀਜ਼ੀ 3148 (ਸਹੀ)

ਅਬੂ ਹੁਰੈਰਾ ਤੋਂ ਰਵਾਇਤ ਹੈ ਕਿ ਅੱਲ੍ਹਾ ਦੇ ਨਬੀ (ਸ.ਅ.ਵ) ਨੇ ਫ਼ਰਮਾਇਆ: ਕਿਆਮਤ ਦੇ ਦਿਨ, ਅੱਲ੍ਹਾ ਸਾਰੇ ਲੋਕਾਂ ਨੂੰ ਇੱਕ ਵਿਸ਼ਾਲ ਅਤੇ ਸਮਤਲ ਜ਼ਮੀਨ ਵਿੱਚ ਇਕੱਠਾ ਕਰੇਗਾ ਤਦ ਅੱਲ੍ਹਾ, ਜੋ ਸਾਰੇ ਜਹਾਨਾਂ ਦਾ ਰੱਬ ਹੈ, ਅਚਾਨਕ ਉਨ੍ਹਾਂ ਦੇ ਸਾਹਮਣੇ ਪ੍ਰਗਟ ਹੋਵੇਗਾ ਅਤੇ ਕਹੇਗਾ: ਹਰ ਆਦਮੀ ਉਸ ਦੇ ਪਿੱਛੇ ਕਿਉਂ ਨਹੀਂ ਜਾਂਦਾ ਜਿਸਦੀ ਉਹ ਪੂਜਾ ਕਰਦਾ ਸੀ?
ਇਸ ਲਈ ਸਲੀਬ ਦੀ ਪੂਜਾ ਕਰਨ ਵਾਲਿਆਂ ਦੇ ਅੱਗੇ ਉਨ੍ਹਾਂ ਦੀ ਸਲੀਬ ਦਾ ਰੂਪ ਬਣ ਜਾਵੇਗਾ, ਮੂਰਤੀਆਂ ਦੀ ਪੂਜਾ ਕਰਨ ਵਾਲਿਆਂ ਦੇ ਅੱਗੇ ਮੂਰਤੀਆਂ ਬਣ ਜਾਣਗੀਆਂ ਅਤੇ ਅੱਗ ਦੀ ਪੂਜਾ ਕਰਨ ਵਾਲਿਆਂ ਦੇ ਅੱਗੇ ਅੱਗ ਦਾ ਰੂਪ ਬਣ ਜਾਵੇਗਾ, ਫਿਰ ਉਹ ਲੋਕ ਆਪਣੇ ਆਪਣੇ ਮਾਅਬੂਦਾਂ ਦੇ ਪਿੱਛੇ ਲੱਗ ਜਾਣਗੇ। ਅਤੇ ਮੁਸਲਮਾਨ ਰਹਿ ਜਾਣਗੇ ਤਦ ਸਾਰੇ ਜਹਾਨਾਂ ਦਾ ਰੱਬ ਉਨ੍ਹਾਂ ਕੋਲ ਆਵੇਗਾ ਅਤੇ ਕਹੇਗਾ: ਤੁਸੀਂ ਵੀ ਲੋਕਾਂ ਦੇ ਨਾਲ ਕਿਉਂ ਨਹੀਂ ਜਾਂਦੇ?

ਉਹ ਕਹਿਣਗੇ: ਅਸੀਂ ਤੁਹਾਡੇ ਤੋਂ ਅੱਲ੍ਹਾ ਦੀ ਪਨਾਹ (ਸ਼ਰਨ) ਲੈਂਦੇ ਹਾਂ, ਅਸੀਂ ਤੁਹਾਡੇ ਤੋਂ ਅੱਲ੍ਹਾ ਦੀ ਪਨਾਹ ਲੈਂਦੇ ਹਾਂ, ਸਾਡਾ ਰੱਬ ਅੱਲ੍ਹਾ ਹੈ, ਅਸੀਂ ਇੱਥੇ ਉਦੋਂ ਤੱਕ ਰਹਾਂਗੇ ਜਦੋਂ ਤੱਕ ਅਸੀਂ ਆਪਣੇ ਰੱਬ ਨੂੰ ਵੇਖ ਨਹੀਂ ਲੈਂਦੇ।

ਅੱਲ੍ਹਾ ਤਾਆਲਾ ਉਹਨਾਂ ਨੂੰ ਹੁਕਮ ਦੇਵੇਗਾ ਅਤੇ ਉਹਨਾਂ ਨੂੰ ਸਾਬਤ ਕਦਮ (ਅਡੋਲ) ਰੱਖੇਗਾ ਅਤੇ ਛੁਪ ਜਾਵੇਗਾ
ਤਦ (ਰੱਬ) ਫਿਰ ਆਵੇਗਾ ਅਤੇ ਕਹੇਗਾ: ਤੁਸੀਂ ਵੀ ਲੋਕਾਂ ਨਾਲ ਕਿਉਂ ਨਹੀਂ ਜਾਂਦੇ? ਉਹ ਕਹਿਣਗੇ: ਅਸੀਂ ਅੱਲ੍ਹਾ ਤੋਂ ਤੁਹਾਡੀ ਪਨਾਹ ਲੈਂਦੇ ਹਾਂ, ਅਸੀਂ ਤੁਹਾਡੇ ਤੋਂ ਅੱਲ੍ਹਾ ਦੀ ਪਨਾਹ ਲੈਂਦੇ ਹਾਂ,ਸਾਡਾ ਰੱਬ ਅੱਲ੍ਹਾ ਹੈ ਅਸੀਂ ਇੱਥੇ ਉਦੋਂ ਤੱਕ ਰਹਾਂਗੇ ਜਦੋਂ ਤੱਕ ਅਸੀਂ ਆਪਣੇ ਰੱਬ ਨੂੰ ਵੇਖ ਨਹੀਂ ਲੈਂਦੇ।
ਅੱਲ੍ਹਾ ਉਨ੍ਹਾਂ ਨੂੰ ਹੁਕਮ ਦੇਵੇਗਾ ਅਤੇ ਉਨ੍ਹਾਂ ਨੂੰ

ਸਾਬਤ ਕਦਮ (ਅਡੋਲ) (ਸਥਿਰ) ਰੱਖੇਗਾ।

ਸਹਾਬਾ ਨੇ ਕਿਹਾ: ਅੱਲ੍ਹਾ ਦੇ ਨਬੀ (ਸ.ਅ.ਵ)! ਕੀ ਅਸੀਂ ਅੱਲ੍ਹਾ ਤਾਅਲਾ ਨੂੰ ਦੇਖਾਂਗੇ?
ਨਬੀ (ਸ.ਅ.ਵ) ਨੇ ਕਿਹਾ: 'ਕੀ ਤੁਹਾਨੂੰ ਚੌਦ੍ਹਵੀਂ ਰਾਤ ਦਾ ਚੰਦ ਦੇਖਣ ਵਿਚ ਕੋਈ ਦਿੱਕਤ ਅਤੇ ਪ੍ਰੇਸ਼ਾਨੀ ਹੁੰਦੀ ਹੈ?
ਸਹਾਬਾ ਨੇ ਕਿਹਾ: ਨਹੀਂ, ਹੇ ਅੱਲ੍ਹਾ ਦੇ ਰਸੂਲ! ਤਾਂ ਨਬੀ (ਸ.ਅ.ਵ) ਕਿਹਾ: 'ਤੁਸੀਂ ਇਸ ਸਮੇਂ ਵੀ ਅੱਲ੍ਹਾ ਤਾਅਲਾ ਨੂੰ ਦੇਖਣ ਵਿੱਚ ਕੋਈ ਦਿੱਕਤ-ਪ੍ਰੇਸ਼ਾਨੀ ਮਹਿਸੂਸ ਨਹੀਂ ਕਰੋਗੇ। ਫਿਰ ਅੱਲ੍ਹਾ ਛੁਪੇਗਾ ਅਤੇ ਫਿਰ ਆਵੇਗਾ
ਅਤੇ ਉਹਨਾਂ ਦੇ (ਸਾਹਮਣੇ) ਤਜੱਲੀ ਫਰਮਾਏਗਾ (ਅਤੇ ਉਹਨਾਂ ਤੋਂ ਆਪਣੀ ਸਨਾਖਤ (ਪਹਿਚਾਣ) ਕਰਵਾਏਗਾ)

[ਪਹਿਚਾਣ ਦੇ ਤੌਰ ਤੇ 'ਸ਼ਾਕ' (ਪਿੰਡਲੀ) ਜਾਹਿਰ ਕਰੇਗਾ ਦੇਖੋ ਹਦੀਸ ਸਹੀ ਬੁਖ਼ਾਰੀ]

(ਤਾਂ ਉਹ ਲੋਕ ਪਹਿਚਾਣ ਲੈਣਗੇ ਕਿ ਤੁਸੀਂ ਹੀ ਸਾਡੇ ਰੱਬ ਹੋ)
ਤਦ ਅੱਲਾਹ ਕਹੇਗਾ: ਮੈਂ ਤੁਹਾਡਾ ਰੱਬ ਹਾਂ,ਮੇਰੇ ਪਿੱਛੇ ਚੱਲੋ, ਤਾਂ ਮੁਸਲਮਾਨ ਖੜੇ ਹੋ ਜਾਣਗੇ ਅਤੇ ਪੁਲ ਸਿਰਾਤ ਸਥਾਪਿਤ ਕੀਤਾ ਜਾਵੇਗਾ, ਜਿਸ ਤੋਂ ਮੁਸਲਮਾਨ ਤੇਜ਼ ਰਫਤਾਰ ਘੋੜਿਆਂ ਅਤੇ ਸਵਾਰੀਆਂ ਵਾਂਗ ਲੰਘਣਗੇ ਅਤੇ ਉਥੋਂ ਲੰਘਦੇ ਸਮੇਂ ਇਹ ਸ਼ਬਦ ‘ਸਲਾਮ ਸਲਾਮ’ (ਸਲਾਮਤ ਰੱਖ, ਸਲਾਮਤ ਰੱਖ) ਕਹਿਣਗੇ। ਫਿਰ ਸਿਰਫ਼ ਜਹਨੰਮੀ ਲੋਕ ਹੀ ਰਹਿ ਜਾਣਗੇ, ਫਿਰ ਉਨ੍ਹਾਂ ਦੇ ਇੱਕ ਸਮੂਹ ਨੂੰ ਜਹਨੰਮ ਵਿੱਚ ਸੁੱਟ ਦਿੱਤਾ ਜਾਵੇਗਾ
ਫਿਰ (ਜਹਨੰਮ ਤੋਂ) ਪੁੱਛਿਆ ਜਾਵੇਗਾ: ਕੀ ਤੂੰ ਭਰ ਗਈ ?
ਜਹਨੰਮ ਕਹੇਗ਼ੀ : ਹੋਰ ਜਿਆਦਾ

ਫਿਰ ਇੱਕ ਹੋਰ ਸਮੂਹ ਨੂੰ ਇਸ ਵਿੱਚ ਸੁੱਟ ਦਿੱਤਾ ਜਾਵੇਗਾ ਅਤੇ ਪੁੱਛਿਆ ਜਾਵੇਗਾ: ਕੀ ਤੂੰ ਭਰ ਗਈ ?
ਉਹ ਕਹੇਗੀ: ਅਤੇ ਹੋਰ ਜਿਆਦਾ
ਜਦੋਂ ਸਾਰੇ ਲੋਕ ਸੁੱਟ ਦਿੱਤੇ ਜਾਣਗੇ ਤਾਂ ਫਿਰ ਰਹਿਮਾਨ ਇਸ ਵਿੱਚ ਆਪਣਾ ਕਦਮ (ਪੈਰ) ਰੱਖੇਗਾ
ਅਤੇ ਜਹਨੰਮ ਦਾ ਇੱਕ ਹਿੱਸਾ ਦੂਜੇ ਵਿੱਚ ਸਿਮਟ ਜਾਵੇਗਾ, ਫਿਰ ਅੱਲ੍ਹਾ ਕਹੇਗਾ:ਬਸ?
ਜਹਨੰਮ ਕਹੇਗ਼ੀ : (ਕਤ-ਕਤ) ਕਾਫ਼ੀ, ਕਾਫ਼ੀ। (ਬਸ-ਬਸ)
ਜਦੋਂ ਅੱਲ੍ਹਾ ਜੰਨਤ ਦੇ ਲੋਕਾਂ ਨੂੰ ਜੰਨਤ ਵਿੱਚ ਅਤੇ ਜਹਨੰਮ ਦੇ ਲੋਕਾਂ ਨੂੰ ਜਹਨੰਮ ਵਿੱਚ ਦਾਖਲ ਕਰੇਗਾ, ਤਾਂ ਮੌਤ ਨੂੰ ਖਿੱਚਦੇ ਹੋਏ ਉਸ ਦੀਵਾਰ ਤੱਕ ਲਿਆਂਦਾ ਜਾਵੇਗਾ ਜੋ ਜੰਨਤ ਅਤੇ ਜਹਨੰਮ ਦੇ ਵਿਚਕਾਰ ਹੈ ਫਿਰ ਕਿਹਾ ਜਾਵੇਗਾ: ਹੇ ਜੰਨਤੀਓ! ਤਾਂ ਉਹ ਡਰਦੇ ਹੋਏ ਚਾਂਕਣਗੇ (ਵੇਖਣਗੇ) , ਫਿਰ ਕਿਹਾ ਜਾਵੇਗਾ: ਹੇ ਜਹਨੰਮੀਓ !ਫਿਰ ਉਹ ਸਫ਼ਆਤ ਦੀ ਆਸ ਵਿਚ ਖ਼ੁਸ਼ੀ ਨਾਲ ਵੇਖਣਗੇ। ਫਿਰ ਜੰਨਤ ਅਤੇ ਜਹਨੰਮ ਦੇ ਲੋਕਾਂ ਨੂੰ ਕਿਹਾ ਜਾਵੇਗਾ: ਕੀ ਤੁਸੀਂ ਇਸਨੂੰ ਜਾਣਦੇ ਹੋ? ਤਾਂ ਫਿਰ ਇਹ (ਜੰਨਤ) ਅਤੇ ਉਹ (ਜਹਨੰਮ) ਦੇ ਲੋਕ ਕਹਿਣਗੇ ,(ਹਾਂ) ਅਸੀਂ ਇਸ ਨੂੰ ਪਹਿਚਾਣ ਲਿਆ, ਇਹ ਮੌਤ ਹੈ ਜੋ ਸਾਡੇ ਉੱਤੇ ਵਕਾਲਤ ਕਰਦੀ ਸੀ, ਫਿਰ ਉਸ ਨੂੰ ਜੰਨਤ ਅਤੇ ਜਹਨੰਮ ਦੇ ਵਿਚਕਾਰ ਦੀਵਾਰ 'ਤੇ ਲਿਟਾ ਕੇ ਇੱਕ ਵਾਰ ਵਿੱਚ ਜ਼ਿਬਾਹ ਕਰ ਦਿੱਤਾ ਜਾਵੇਗਾ। ਫਿਰ ਕਿਹਾ ਜਾਵੇਗਾ: ਹੇ ਜੰਨਤੀਓ! ਸਦਾ (ਜੰਨਤ) ਵਿੱਚ ਰਹਿਣਾ ਹੈ ਹੁਣ ਮੌਤ ਨਹੀਂ ਆਵੇਗੀ ਹੇ ਜਹਨੰਮੀਓ ! ਸਦਾ (ਜਹੰਨਮ) ਵਿੱਚ ਰਹਿਣਾ ਹੈ ਅਤੇ ਹੁਣ ਮੌਤ ਨਹੀਂ ਆਵੇਗੀ।

ਇਮਾਮ ਤਿਰਮਿਜੀ ਕਹਿੰਦੇ ਹਨ
ਇਹ ਹਦੀਸ ਹਸਨ ਸਹੀ ਹੈ,

ਤਿਰਮੀਜ਼ੀ 2557 (ਸਹੀ)

ਇਮਾਮ ਤਿਰਮਿਜੀ ਕਹਿੰਦੇ ਹਨ
ਇਸੇ ਤਰ੍ਹਾਂ ਦੀਆਂ ਬਹੁਤ ਸਾਰੀਆਂ ਹਦੀਸਾਂ ਨਬੀ (ਸ.ਅ.ਵ) ਤੋਂ ਬਿਆਨ ਕੀਤੀਆਂ ਗਈਆਂ ਹਨ।
ਜਿਸ ਵਿੱਚ ਰੱਬ ਦੇ ਦੀਦਾਰ (ਦਰਸ਼ਨ) ਦਾ ਜ਼ਿਕਰ ਹੈ ਕਿ ਲੋਕ ਆਪਣੇ ਰੱਬ ਦਾ ਦੀਦਾਰ ਕਰਨਗੇ ਕਦਮ ਅਤੇ ਇਸੇ ਤਰਾਂ ਦੀਆਂ (ਹੋਰ ਸਿਫ਼ਾਤ) ਦਾ ਵੀ ਜ਼ਿਕਰ ਹੈ, ਇਸ ਸਬੰਧ ਵਿਚ ਅਹਿਲੇ ਇਲਮ ਇਮਾਮਾਂ ਜਿਵੇਂ ਕੇ ਸੂਫ਼ਿਆਨ ਸ਼ੌਰੀ, ਮਾਲਿਕ ਬਿਨ ਅਨਸ, ਇਬਨੇ ਮੁਬਾਰਕ, ਸੂਫ਼ਿਆਨ ਇਬਨੇ ਉਯੈਨਾ ਅਤੇ ਵਕੀ ਆਦਿ ਦਾ ਮਸਲਕ ਇਹ ਹੈ ।
ਕਿ ਉਹ ਇਹ ਗੱਲਾਂ ਬਿਆਨ ਕਰਦੇ ਹਨ ਅਤੇ ਕਹਿੰਦੇ ਹਨ: (ਇਸ ਤਰਾਂ ਦੀਆਂ) ਇਹ ਹਦੀਸਾਂ ਆਈਆਂ ਹਨ ਅਤੇ ਅਸੀਂ ਇਹਨਾਂ ਵਿੱਚ ਇਮਾਨ ਰੱਖਦੇ ਹਾਂ। ਪਰ ਅੱਲਾਹ ਤਾਅਲਾ ਦੀਆਂ ਸਿਫ਼ਾਤ (ਗੁਣਾਂ) ਦੀ ਕੈਫ਼ੀਅਤ (ਸਥਿਤੀ -ਕਿੱਦਾਂ ਹਨ,ਕਿਵੇਂ ਹਨ ਵਗ਼ੈਰਾ) ਬਾਰੇ ਕੁਝ ਨਹੀਂ ਕਿਹਾ ਜਾਵੇਗਾ।
ਮੁਹੱਦੀਸੀਨ ਦਾ (ਵੀ) ਮਸਲਕ ਇਹ ਹੈ ਕਿ ਇਹ ਚੀਜ਼ਾਂ ਉਸੇ ਤਰਾਂ ਰਵਾਇਤ (ਬਿਆਨ) ਕੀਤੀਆਂ ਜਾਣਗੀਆਂ ਜਿਵੇਂ ਵਾਰਿਦ ਹੋਈਆਂ ਹਨ , ਇਹਨਾਂ (ਸਿਫਾਤਾਂ ਦੀ) (ਕੋਈ ਵੀ) (ਬਾਤਿਲ) ਵਿਆਖਿਆ ਨਹੀਂ ਕੀਤੀ ਜਾਵੇਗੀ (ਮਤਲਬ ਨਾ ਤਾਤੀਲ , ਨਾ ਗਲਤ ਤਾਵੀਲ , ਨਾ ਤਹਿਰੀਫ਼ , ਨਾ ਤਮਸੀਲ, ਨਾ ਤੈਯਕੀਫ਼) ਅਤੇ ਨਾ ਹੀ ਇਸ ਵਿੱਚ ਕੋਈ ਵਹਿਮ ਪੈਦਾ ਕੀਤਾ ਜਾਵੇਗਾ ਅਤੇ ਨਾ ਹੀ ਇਹਨਾਂ (ਸਿਫਾਤਾਂ ਦੀ) ਕੈਫ਼ੀਅਤ (ਸਥਿਤੀ) ਬਾਰੇ ਪੁੱਛਿਆ ਜਾਵੇਗਾ। ਅਹਿਲੇ ਇਲਮ ਨੇ ਇਹੀ ਮਸਲਕ ਅਪਣਾ ਲਿਆ ਹੈ ਅਤੇ ਲੋਕ ਵੀ ਇਸ ਵੱਲ ਚਲੇ ਹਨ,
ਹਦੀਸ ਵਿੱਚ ‘ਫਯਾਰਫਹਮ ਨਫਸਾ’ ਦਾ ਅਰਥ ਹੈ ਕਿ ਅੱਲ੍ਹਾ ਉਨ੍ਹਾਂ ਲਈ ਤਜੱਲੀ ਕਰੇਗਾ (ਪ੍ਰਗਟ ਹੋਵੇਗਾ)

ਅਲ-ਮਾਅਬਦ ਬਿਨ ਹਿਲਾਲ ਅੰਜ਼ੀ ਨੇ ਕਿਹਾ: ਅਸੀਂ ਅਨਸ ਬਿਨ ਮਾਲਿਕ ਕੋਲ ਗਏ ਅਤੇ ਸਾਬਿਤ (ਅਲ-ਬਨਾਨੀ) ਨੂੰ ਆਪਣਾ ਵਿਚੋਲਾ ਬਣਾਇਆ (ਅਸੀਂ ਉਸ ਦੁਆਰਾ ਮਿਲਣ ਦੀ ਆਗਿਆ ਪ੍ਰਾਪਤ ਕੀਤੀ) ਜਦੋਂ ਅਸੀਂ ਉਸ ਕੋਲ ਪਹੁੰਚੇ ਤਾਂ ਉਹ ਚਾਸ਼ਤ ਦੀ ਨਮਾਜ਼ ਪੜ੍ਹ ਰਹੇ ਸਨ । ਸਾਬਿਤ ਨੇ ਸਾਡੇ ਲਈ (ਪ੍ਰਵੇਸ਼ ਕਰਨ ਲਈ) ਇਜਾਜ਼ਤ ਲਈ। ਅਸੀਂ ਉਨ੍ਹਾਂ ਦੇ ਸਾਹਮਣੇ ਪੇਸ਼ ਹੋਏ। ਉਸ ਨੇ ਸਾਬਿਤ ਨੂੰ ਆਪਣੇ ਨਾਲ ਆਪਣੇ ਮੰਜੇ 'ਤੇ ਬਿਠਾ ਲਿਆ। ਸਾਬਿਤ ਨੇ ਉਨ੍ਹਾਂ ਨੂੰ ਕਿਹਾ: ਹੇ ਅਬੂ ਹਮਜ਼ਾ! ਬਸਰਾ ਦੇ ਲੋਕਾਂ ਵਿਚੋਂ ਤੁਹਾਡਾ (ਇਹ) ਭਰਾ ਤੁਹਾਨੂੰ ਬੇਨਤੀ ਕਰਦਾ ਹੈ ਕਿ ਤੁਸੀਂ ਉਨ੍ਹਾਂ ਨੂੰ ਸਫ਼ਆਤ ਦੀ ਹਦੀਸ ਸੁਣਾਓ। ਹਜ਼ਰਤ ਅਨਸ ਨੇ ਕਿਹਾ: ਹਜ਼ਰਤ ਮੁਹੰਮਦ (ﷺ) ਨੇ ਸਾਨੂੰ ਦੱਸਿਆ: "ਜਦੋਂ ਨਿਆਂ ਦਾ ਦਿਨ ਆਵੇਗਾ, ਲੋਕ ਲਹਿਰਾਂ ਵਾਂਗ ਇੱਕ ਦੂਜੇ ਨਾਲ ਟਕਰਾ ਰਹੇ ਹੋਣਗੇ।" ਉਹ ਆਦਮ ਕੋਲ ਆਉਣਗੇ ਅਤੇ ਉਸ ਨੂੰ ਪੁੱਛਣਗੇ: ਆਪਣੇ ਬੱਚਿਆਂ ਲਈ ਬੇਨਤੀ ਕਰੋ (ਤਾਂ ਕਿ ਉਹ ਦੁੱਖਾਂ ਤੋਂ ਅਤੇ ਹਸ਼ਰ ਦੇ ਮੈਦਾਨ ਵਿਚ ਉਡੀਕ ਤੋਂ ਬਚ ਸਕਣ) ਉਹ ਕਹਿਣਗੇ: ਮੈਂ ਇਸ ਕੰਮ ਲਈ ਯੋਗ ਨਹੀਂ ਹਾਂ, ਪਰ ਤੁਸੀਂ ਇਬਰਾਹਿਮ ਦਾ ਪੱਲਾ ਫੜੋ. ਕਿਉਂਕਿ ਉਹ ਅੱਲ੍ਹਾ ਤਾਆਲਾ ਦਾ ਖਲੀਲ (ਮਿੱਤਰ) ਹੈ। ਲੋਕ ਇਬਰਾਹੀਮ ਕੋਲ ਜਾਣਗੇ। ਉਹ ਜਵਾਬ ਦੇਣਗੇ: ਮੈਂ ਇਸ ਕੰਮ ਲਈ ਨਹੀਂ ਹਾਂ. ਪਰ ਜੇ ਤੁਸੀਂ ਮੂਸਾ ਕੋਲ ਪਹੁੰਚਦੇ ਹੋ, ਤਾਂ ਉਹ ਕਲੀਮ ਅੱਲ੍ਹਾ ਹੈ (ਜਿਸ ਨਾਲ ਅੱਲ੍ਹਾ ਨੇ ਸਿੱਧਾ ਗੱਲ ਕੀਤੀ ਸੀ), ਤਾਂ ਲੋਕ ਮੂਸਾ ਕੋਲ ਜਾਣਗੇ । ਉਹ ਕਹਿਣਗੇ: ਮੈਂ ਉਸ ਕੰਮ ਲਈ ਨਹੀਂ ਹਾਂ। ਪਰ ਤੁਸੀਂ ਈਸਾ ਦੇ ਨਾਲ ਲੱਗ ਜਾਓ ਕਿਉਂਕਿ ਉਹ ਰੱਬ ਦੀ (ਪੈਦਾ ਕਰਦਾ) ਰੂਹ ਅਤੇ ਉਸਦਾ ਕਲਮਾ ਹਨ। ਇਸ ਲਈ ਉਹ ਈਸਾ ਕੋਲ ਆਉਣਗੇ , ਉਹ ਕਹੇਗਾ: ਮੈਂ ਉਸ ਕੰਮ ਲਈ ਨਹੀਂ ਹਾਂ. ਪਰ ਜੇ ਤੂੰ ਮੁਹੰਮਦ ਕੋਲ ਪਹੁੰਚ ਜਾਵੋ , ਤਾਂ ਉਹ ਮੇਰੇ ਕੋਲ ਆਉਣਗੇ। ਮੈਂ ਜਵਾਬ ਦਿਆਂਗਾ: ਮੈਂ ਇਸ (ਕੰਮ) ਲਈ ਹਾਂ। ਮੈਂ ਜਾ ਕੇ ਆਪਣੇ ਰੱਬ ਅੱਗੇ ਹਾਜ਼ਰ

ਹੋਣ ਦੀ ਆਗਿਆ ਮੰਗਾਂਗਾ, ਮੈਨੂੰ ਆਗਿਆ ਦਿੱਤੀ ਜਾਵੇਗੀ, ਅਤੇ ਮੈਂ ਉਸ ਦੇ ਅੱਗੇ ਖੜ੍ਹਾ ਹੋਵਾਂਗਾ ਅਤੇ ਤਾਰੀਫ਼ ਦੇ ਅਜਿਹੇ ਸ਼ਬਦਾਂ ਨਾਲ ਉਸਦੀ ਹਮਦ ਕਰਾਂਗਾ ਜਿਸਤੇ ਹੁਣ ਮੈਂ ਕਾਦਿਰ ਨਹੀਂ ਹਾਂ, ਅੱਲ੍ਹਾ ਹੀ ਇਹ (ਹਮਦ) ਉਸ ਵੇਲੇ ਮੇਰੇ ਦਿਲ ਵਿਚ ਪਾ ਦੇਵੇਗਾ। , ਫਿਰ ਮੈਂ ਉਸ ਅੱਗੇ ਸਜਦਾ ਕਰਾਂਗਾ, ਫਿਰ ਮੈਨੂੰ ਕਿਹਾ ਜਾਵੇਗਾ: ਹੇ ਮੁਹੰਮਦ! ਸਿਰ ਚੁੱਕ ਕੇ ਕਹੋ, ਤੁਹਾਡੀ ਸੁਣੀ ਜਾਵੇਗੀ, ਮੰਗੋ, ਤੁਹਾਨੂੰ ਦਿੱਤਾ ਜਾਵੇਗਾ ਅਤੇ ਸਿਫਾਰਸ਼ ਕਰੋ , ਤੁਹਾਡੀ ਸਿਫ਼ਾਰਸ਼ ਸਵੀਕਾਰ ਕੀਤੀ ਜਾਵੇਗੀ। ਮੈਂ ਆਖਾਂਗਾ: ਹੇ ਮੇਰੇ ਰੱਬ! ਮੇਰੀ ਉੱਮਤ! ਮੇਰੀ ਉੱਮਤ ! ਇਸ ਲਈ ਮੈਨੂੰ ਕਿਹਾ ਜਾਵੇਗਾ: ਜਾਹ ਅਤੇ ਜਿਸ ਦੇ ਦਿਲ ਵਿੱਚ ਕਣਕ ਦੇ ਇੱਕ ਦਾਣੇ ਜਾਂ ਜੌਂ ਦੇ ਇੱਕ ਦਾਣੇ ਦੇ ਬਰਾਬਰ ਇਮਾਨ ਹੈ, ਉਸ ਨੂੰ ਬਾਹਰ ਕੱਢੋ, ਮੈਂ ਜਾਵਾਂਗਾ ਅਤੇ ਅਜਿਹਾ ਹੀ ਕਰਾਂਗਾ, ਫਿਰ ਮੈਂ ਰੱਬ ਦੇ ਹੁਜ਼ੂਰ ਵਾਪਿਸ ਆ ਜਾਵਾਂਗਾ ਅਤੇ ਉਸੇ ਤਰਾਂ ਹਮਦ ਦੇ ਨਾਲ ਉਸਦੀ ਤਾਰੀਫ਼ ਬਿਆਨ ਕਰਾਂਗਾ ਅਤੇ ਫਿਰ ਮੈਂ ਉਸ ਦੇ ਅੱਗੇ ਸਜਦਾ ਕਰਾਂਗਾ , ਤਦ ਮੈਂਨੂੰ ਕਿਹਾ ਜਾਵੇਗਾ : ਹੇ ਮੁਹੰਮਦ! ਸਿਰ ਚੁੱਕ ਕੇ ਕਹੋ, ਤੁਹਾਡੀ ਸੁਣੀ ਜਾਵੇਗੀ, ਮੰਗੋ, ਤੁਹਾਨੂੰ ਦਿੱਤਾ ਜਾਵੇਗਾ ਅਤੇ ਸਿਫਾਰਸ਼ ਕਰੋ , ਤੁਹਾਡੀ ਸਿਫ਼ਾਰਸ਼ ਸਵੀਕਾਰ ਕੀਤੀ ਜਾਵੇਗੀ। ਮੈਂ ਆਖਾਂਗਾ: ਹੇ ਮੇਰੇ ਰੱਬ! ਮੇਰੀ ਉੱਮਤ! ਮੇਰੀ ਉੱਮਤ !ਮੈਨੂੰ ਕਿਹਾ ਜਾਵੇਗਾ: ਜਾਓ, ਜਿਸ ਦੇ ਦਿਲ ਵਿੱਚ ਰਾਈ ਦੇ ਦਾਣੇ ਦੇ ਬਰਾਬਰ ਇਮਾਨ ਹੈ, ਉਸਨੂੰ ਬਾਹਰ ਕੱਢੋ। ਇਸ ਲਈ ਮੈਂ ਜਾਵਾਂਗਾ ਅਤੇ ਉਹ ਕਰਾਂਗਾ, ਫਿਰ ਮੈਂ ਆਪਣੇ ਰੱਬ ਕੋਲ ਵਾਪਸ ਆਵਾਂਗਾ ਅਤੇ ਉਸੇ ਤਰ੍ਹਾਂ ਦੀ ਸਿਫ਼ਤ-ਸਾਲਾਹ ਦੇ ਨਾਲ ਉਸ ਦੀ ਉਸਤਤਿ ਕਰਾਂਗਾ, ਫਿਰ ਮੈਂ ਉਸ ਦੇ ਅੱਗੇ ਸਜਦਾ ਕਰਾਂਗਾ । ਇਸ ਲਈ ਮੈਨੂੰ ਕਿਹਾ ਜਾਵੇਗਾ: ਹੇ ਮੁਹੰਮਦ! ਸਿਰ ਚੁੱਕ ਕੇ ਕਹੋ, ਤੁਹਾਡੀ ਸੁਣੀ ਜਾਵੇਗੀ, ਮੰਗੋ, ਤੁਹਾਨੂੰ ਦਿੱਤਾ ਜਾਵੇਗਾ ਅਤੇ ਸਿਫਾਰਸ਼ ਕਰੋ , ਤੁਹਾਡੀ ਸਿਫ਼ਾਰਸ਼ ਸਵੀਕਾਰ ਕੀਤੀ ਜਾਵੇਗੀ। ਮੈਂ ਆਖਾਂਗਾ: ਹੇ ਮੇਰੇ ਰੱਬ! ਮੇਰੀ ਉੱਮਤ! ਮੇਰੀ ਉੱਮਤ ! ਇਸ ਲਈ ਮੈਨੂੰ ਕਿਹਾ ਜਾਵੇਗਾ: ਜਾਹ, ਜਿਸ ਦੇ ਦਿਲ ਵਿੱਚ ਰਾਈ ਦੇ ਦਾਣੇ ਤੋਂ ਵੀ

ਘੱਟ ਇਮਾਨ ਹੈ, ਉਸ ਨੂੰ ਅੱਗ ਵਿੱਚੋਂ ਕੱਢ ਲੈ, ਫਿਰ ਮੈਂ ਜਾ ਕੇ ਅਜਿਹਾ ਕਰਾਂਗਾ। ਇਹ ਹਜ਼ਰਤ ਅਨਸ ਦੀ ਰਵਾਇਤ ਹੈ ਜੋ ਉਨ੍ਹਾਂ ਨੇ ਸਾਨੂੰ ਸੁਣਾਈ .

(ਮਆਬਦ ਬਿਨ ਹਿਲਾਲ ਅੰਜ਼ਈ) ਨੇ ਕਿਹਾ: ਜਦੋ ਉਹ ਅਨਸ ਰਜ ਤੋਂ ਰਵਾਇਤ ਸੁਣ ਕੇ ਉਹਨਾਂ ਦੇ ਘਰ ਤੋਂ ਬਾਹਰ ਆ ਗਏ, ਅਤੇ ਚਟਿਅਲ ਮੈਦਾਨ ਦੇ ਉਪਰਲੇ ਹਿੱਸੇ ਵਿੱਚ ਪਹੁੰਚੇ ਤਾਂ ਅਸੀਂ ਕਿਹਾ: (ਕਿੰਨਾ ਚੰਗਾ) ਜੇਕਰ ਅਸੀਂ ਹਸਨ ਬਸਰੀ ਵੱਲ ਮੁੜੀਏ ਅਤੇ ਉਸ ਨੂੰ ਸਲਾਮ ਕਰੀਏ। ਉਹ ਅਬੂ ਖਲੀਫਾ ਦੇ ਘਰ (ਹਜਾਜ ਬਿਨ ਯੂਸਫ ਦੇ ਡਰ ਤੋਂ) ਲੁਕੇ ਹੋਏ ਸਨ। ਉਸ ਨੇ ਕਿਹਾ: ਜਦੋਂ ਅਸੀਂ ਉਨ੍ਹਾਂ ਕੋਲ ਪਹੁੰਚੇ ਤਾਂ ਅਸੀਂ ਉਨ੍ਹਾਂ ਨੂੰ ਸਲਾਮ ਕੀਤਾ। ਅਸੀਂ ਕਿਹਾ: ਜਨਾਬ ਅਬੂ ਸਈਦ! ਅਸੀਂ ਤੁਹਾਡੇ ਭਰਾ ਅਬੂ ਹਮਜ਼ਾਹ (ਹਜ਼ਰਤ ਅਨਸ ਦਾ ਉਪਨਾਮ) ਕੋਲੋਂ ਆ ਰਹੇ ਹਾਂ। ਅਸੀਂ ਕਦੇ ਵੀ ਅਜਿਹੀ ਹਦੀਸ ਨਹੀਂ ਸੁਣੀ ਹੈ ਜੋ ਉਹਨਾਂ ਨੇ ਸਾਨੂੰ ਸਫ਼ਆਤ ਬਾਰੇ ਸੁਣਾਈ ਹੈ। ਹਸਨ ਬਸਰੀ ਨੇ ਕਿਹਾ: ਲਿਆਓ ਮੈਨੂੰ ਸੁਣਾਓ। ਅਸੀਂ ਉਨ੍ਹਾਂ ਨੂੰ ਹਦੀਸ ਸੁਣਾਈ, ਤਾਂ ਉਨ੍ਹਾਂ ਨੇ ਕਿਹਾ: ਇਸ ਨੂੰ ਅੱਗੇ ਵੀ ਸੁਣਾਓ । ਅਸੀਂ ਕਿਹਾ: ਉਨ੍ਹਾਂ ਨੇ ਸਾਨੂੰ ਇਸ ਤੋਂ ਵੱਧ ਨਹੀਂ ਦੱਸਿਆ। ਤਾਂ (ਹਸਨ ਬਸਰੀ) ਨੇ ਕਿਹਾ: ਉਹਨਾਂ (ਹਜ਼ਰਤ ਅਨਸ) ਨੇ ਇਹ ਹਦੀਸ ਸਾਨੂੰ ਵੀਹ ਸਾਲ ਪਹਿਲਾਂ ਸੁਣਾਈ ਸੀ, ਉਸ ਸਮੇਂ ਉਹ ਪੂਰੀ ਕੁੱਵਤ ਦੇ ਮਾਲਕ ਸੀ, ਉਹਨਾ ਨੇ ਇਸ ਹਦੀਸ ਦਾ ਕੁਝ ਹਿੱਸਾ ਛੱਡ ਦਿੱਤਾ ਹੈ,ਹੁਣ ਇਹ ਨਹੀਂ ਪਤਾ, ਕੇ ਸ਼ੇਖ ਭੁੱਲ ਗਏ ਜਾਂ ਉਹਨਾਂ ਨੇ ਤੁਹਾਨੂੰ ਪੂਰੀ ਹਦੀਸ ਦੱਸਣਾ ਪਸੰਦ ਨਹੀਂ ਕੀਤਾ। ਕੇ ਕਿਤੇ ਤੁਸੀਂ (ਇਸ ਵਿੱਚ ਬਿਆਨ ਕਰਦਾ ਗੱਲ ਤੇ ਹੀ ਭਰੋਸਾ ਕਰਕੇ ਨਾ ਬੈਠ ਜਾਵੋਂ ? ਅਸੀਂ ਕਿਹਾ: ਤੁਸੀਂ ਸਾਨੂੰ ਸੁਣਾ ਦੇਵੋ , ਤਾਂ ਉਹ (ਹਸਨ ਬਸਰੀ) ਹੱਸ ਪਏ ਅਤੇ ਕਿਹਾ: ਮਨੁੱਖ ਨੂੰ ਜਲਦਬਾਜ ਬਣਾਇਆ ਗਿਆ ਹੈ, ਮੈਂ ਤੁਹਾਡੇ ਸਾਹਮਣੇ ਇਸ ਗੱਲ ਦਾ ਜ਼ਿਕਰ ਇਸ ਲਈ ਹੀ ਕੀਤਾ ਸੀ ਤਾਂ ਕੇ ਮੈਂ ਤੁਹਾਨੂੰ ਹਦੀਸ ਸੁਣਾ ਦੇਵਾਂ ,ਫਿਰ ਹਸਨ ਬਸਰੀ ਨੇ ਹਦੀਸ ਬਿਆਨ ਕੀਤੀ ਕੇ ਨਬੀ

(ਸ.ਅ.ਵ) ਨੇ ਕਿਹਾ: "ਫਿਰ ਮੈਂ ਚੌਥੀ ਵਾਰ ਆਪਣੇ ਰੱਬ ਕੋਲ ਵਾਪਸ ਆਵਾਂਗਾ, ਫਿਰ ਉਸੇ ਤਰ੍ਹਾਂ ਦੀ ਉਸਤਤ ਦੇ ਨਾਲ ਉਸਦੀ ਹਮਦ ਬਿਆਨ ਕਰਾਂਗਾ, ਫਿਰ ਉਸਦੇ ਅੱਗੇ ਸਜਦਾ ਕਰਾਂਗਾ ਅਤੇ ਮੈਨੂੰ ਕਿਹਾ ਜਾਵੇਗਾ: ਹੇ ਮੁਹੰਮਦ ! ਆਪਣਾ ਸਿਰ ਚੁੱਕੋ ਅਤੇ ਕਹੋ, ਤੁਹਾਡੀ ਸੁਣੀ ਜਾਵੇਗੀ,ਮੰਗੋ ਤੁਹਾਨੂੰ ਅਦਾ ਕੀਤਾ ਜਾਵੇਗਾ ਅਤੇ ਸਿਫਾਰਸ਼ ਕਰੋ ਅਤੇ ਤੁਹਾਡੀ ਸਿਫਾਰਸ਼ ਸਵੀਕਾਰ ਕੀਤੀ ਜਾਵੇਗੀ। ਇਸ ਲਈ ਮੈਂ ਕਹਾਂਗਾ: ਹੇ ਮੇਰੇ ਰੱਬ ! ਮੈਨੂੰ ਉਨ੍ਹਾਂ ਲੋਕਾਂ ਬਾਰੇ ਵੀ ਆਗਿਆ ਦਿਓ ਜਿਨ੍ਹਾਂ ਨੇ “ਲਾ ਇਲਾਹਾ ਇੱਲ੍ਹਾ ਅੱਲ੍ਹਾ” ਕਿਹਾ ਹੈ। ਅੱਲ੍ਹਾ ਕਹੇਗਾ: ਇਹ ਤੁਹਾਡੇ ਲਈ ਨਹੀਂ ਹੈ, ਪਰ ਮੇਰੀ ਇੱਜ਼ਤ, ਮੇਰੇ ਕਿਬਰਿਆਈ , ਮੇਰੀ ਅਜ਼ਮਤ ਅਤੇ ਮੇਰੀ ਵਡਿਆਈ ਦੀ ਕਸਮ ! “ਲਾ ਇਲਾਹਾ ਇੱਲ੍ਹਾ ਅੱਲ੍ਹਾ” ਕਹਿਣ ਵਾਲਿਆਂ ਨੂੰ ਵੀ ਮੈਂ ਜਹਨੰਮ ਵਿੱਚੋਂ ਕੱਢ ਲਵਾਂਗਾ।” ਮਾਅਬਦ ਨੇ ਕਿਹਾ : ਮੈਂ ਹਸਨ ਬਸਰੀ ਬਾਰੇ ਗਵਾਹੀ ਦਿੰਦਾ ਹਾਂ। ਕਿ ਉਸਨੇ ਸਾਨੂੰ ਦੱਸਿਆ ਕਿ ਉਹਨਾਂ ਨੇ ਇਹ ਹਦੀਸ ਹਜ਼ਰਤ ਅਨਸ ਬਿਨ ਮਲਿਕ ਤੋਂ ਸੁਣੀ ਹੈ। ਮੈਨੂੰ ਲਗਦਾ ਹੈ, ਉਹਨਾਂ ਨੇ ਕਿਹਾ: ਵੀਹ ਸਾਲ ਪਹਿਲਾਂ, ਅਤੇ ਉਸ ਸਮੇਂ ਹਜ਼ਰਤ ਅਨਸ ਪੂਰੀਆਂ ਸਲਾਹੀਅਤਾਂ ਵਿੱਚ ਸੀ (ਮਤਲਬ ਜਵਾਨ ਸੀ ,ਕਮਜ਼ੋਰ ਜਾਂ ਬੁੱਢੇ ਨਹੀਂ ਸੀ) .

ਸਹੀ ਮੁਸਲਿਮ 193 e (377) (479)

ਇੱਕ ਲੰਬੀ ਹਦੀਸ ਜਿਸ ਦਾ ਇੱਕ ਟੁਕੜਾ ਇੰਜ ਹੈ ਕੇ ਨਬੀ (ਸ.ਅ.ਵ) ਨੇ ਫ਼ਰਮਾਇਆ "ਮੈਂ ਕਬਰਾਂ ਦੇ ਕੋਲੋਂ ਲੰਘਿਆ ਅਤੇ ਉਨ੍ਹਾਂ ਨੂੰ ਸਜ਼ਾ ਦਿੱਤੀ ਜਾ ਰਹੀ ਸੀ। ਮੈਂ ਉਨ੍ਹਾਂ ਲਈ ਸਫ਼ਆਤ ਕਰਨੀ ਚਾਹੀ ਕੇ ਉਹਨਾਂ ਉੱਪਰ ਉਸ ਸਮੇਂ ਤੱਕ ਅਜ਼ਾਬ ਦੇ ਵਿੱਚ ਘਾਟ ਕਰ ਦਿੱਤੀ ਜਾਵੇ ਜਦੋਂ ਤੱਕ ਇਹ ਟਹਿਣੀਆਂ ਗਿੱਲੀਆਂ ਰਹਿੰਦੀਆਂ ਹਨ,

ਸਹੀ ਮੁਸਲਿਮ 3006-3014 (7149) (7518)

(ਜੋ ਨਬੀ (ਸ.ਅ.ਵ) ਨੇ ਹਜ਼ਰਤ ਜਾਬਿਰ ਤੋਂ 2 ਦਰਖਤਾਂ ਤੋਂ ਤੁੜਵਾ ਕੇ ਉਹਨਾਂ ਦੀਆਂ ਕਬਰਾਂ ਉੱਪਰ ਰਖਵਾਈਆਂ ਸਨ)
(ਇਹ ਉਹੀ 2 ਦਰਖ਼ਤ ਸਨ ਜਿਹਨਾਂ ਨੇ ਨਬੀ (ਸ.ਅ.ਵ) ਨੂੰ ਇੱਕ ਉਹਲੇ (ਓਟ) ਦਾ ਕੰਮ ਦਿੰਦੇ ਹੋਏ ਪਰਦਾ ਮੁਹੱਈਆ ਕਰਵਾਇਆ ਸੀ , ਕਿਓਂ ਜੋ ਨਬੀ (ਸ.ਅ.ਵ) ਨੇ ਪੇਸ਼ਾਬ ਪਖਾਨਾ ਕਰਨਾ ਸੀ ਅਤੇ ਖੁੱਲ੍ਹੇ ਮੈਦਾਨ ਵਿੱਚ ਕੋਈ ਪਰਦਾ ਨਹੀਂ ਸੀ ,ਅਤੇ ਨਬੀ (ਸ.ਅ.ਵ) ਦੇ ਇਹ ਕਹਿਣ ਤੇ ਕੇ ਅੱਲਾਹ ਦੇ ਹੁਕਮ ਨਾਲ ਮੇਰੇ ਫਰਮਾਬਰਦਾਰ ਹੋ ਜਾਵੋ , ਉਹ ਦੋਵੇਂ ਦਰੱਖਤ ਨਬੀ (ਸ.ਅ.ਵ) ਦੇ ਪਿੱਛੇ ਚੱਲ ਪਏ ਅਤੇ ਨਬੀ (ਸ.ਅ.ਵ) ਦੇ ਇਹ ਕਹਿਣ ਤੇ ਕੇ ਅੱਲਾਹ ਦੇ ਹੁਕਮ ਨਾਲ ਦੋਵੇਂ ਮੇਰੇ ਅੱਗੇ ਮਿਲ ਜਾਵੋ (ਇੱਕ ਆੜ ਦੀ ਸ਼ਕਲ ਵਿੱਚ) ਤਾਂ ਉਹ ਮਿਲ ਗਏ , ਅਤੇ ਜਦੋਂ ਨਬੀ (ਸ.ਅ.ਵ) ਫ਼ਾਰਿਗ ਹੋ ਗਏ ਤਾਂ ਉਹ ਦੋਵੇਂ ਦਰਖ਼ਤ ਚੱਲ ਕੇ ਆਪਣੀ ਜਗ੍ਹਾ ਤੇ ਵਾਪਿਸ ਆ ਗਏ ,ਰਵਾਇਤ ਕਰਨ ਵਾਲੇ ਸਹਾਬੀ ਹਜ਼ਰਤ ਜਾਬਿਰ ਨੇ ਇਹ ਸਭ ਕੁੱਝ ਆਪਣੇ ਅੱਖੀਂ ਦੇਖਿਆ ।

2. ਜੰਨਤ ਦਾ ਦਰਵਾਜਾ ਖੁਲਵਾਉਣਾ ਅਤੇ ਜੰਨਤੀਆਂ ਨੂੰ ਜੰਨਤ ਵਿੱਚ ਦਾਖਿਲ ਕਰਵਾਉਣਾ (ਖਾਸ ਸਫ਼ਆਤ)

ਅਨਸ ਇਬਨੇ ਮਾਲਿਕ ਤੋਂ ਰਵਾਇਤ ਹੈ ਕਿ : ਅੱਲ੍ਹਾ ਦੇ ਨਬੀ (ਸ.ਅ.ਵ) ਨੇ ਕਿਹਾ: ਮੈਂ ਕਿਆਮਤ ਦੇ ਦਿਨ ਜੰਨਤ ਦੇ ਦਰਵਾਜ਼ੇ 'ਤੇ ਆਵਾਂਗਾ ਅਤੇ ਇਸ ਦੇ ਖੋਲਣ ਦੀ ਮੰਗ ਕਰਾਂਗਾ । ਅਤੇ ਇਸਦਾ ਦਰਬਾਨ ਕਹੇਗਾ: ਤੁਸੀਂ ਕੌਣ ਹੋ? ਮੈਂ ਕਹਾਂਗਾ: ਮੁਹੰਮਦ. ਉਹ ਫਿਰ ਕਹੇਗਾ: ਮੈਨੂੰ ਤੁਹਾਡੇ ਲਈ ਹੀ (ਇਸਨੂੰ ਖੋਲਣ ਦਾ) ਹੁਕਮ ਦਿੱਤਾ ਗਿਆ ਹੈ,ਅਤੇ ਤੁਹਾਡੇ ਤੋਂ ਪਹਿਲਾਂ ਕਿਸੇ ਲਈ ਇਸ ਨੂੰ ਨਾ ਖੋਲਾਂ.

ਸਹੀ ਮੁਸਲਿਮ 197 (384)

ਅਨਸ ਇਬਨੇ ਮਾਲਿਕ ਤੋਂ ਰਵਾਇਤ ਹੈ ਕਿ : ਅੱਲ੍ਹਾ ਦੇ ਨਬੀ (ਸ.ਅ.ਵ) ਨੇ ਕਿਹਾ: ਪੁਨਰ-ਉਥਾਨ (ਜਿਸ ਦਿਨ ਦੁਬਾਰਾ ਜਿੰਦਾ ਕੀਤਾ ਜਾਵੇਗਾ) ਦੇ ਦਿਨ ਰਸੂਲਾਂ ਵਿੱਚੋਂ ਮੇਰੇ ਕੋਲ ਸਭ ਤੋਂ ਵੱਧ ਪੈਰੋਕਾਰ ਹੋਣਗੇ, ਅਤੇ ਮੈਂ ਜੰਨਤ ਦੇ ਦਰਵਾਜ਼ੇ 'ਤੇ ਦਸਤਕ ਦੇਣ ਵਾਲਾ ਸਭ ਤੋਂ ਪਹਿਲਾਂ ਹੋਵਾਂਗਾ।

ਸਹੀ ਮੁਸਲਿਮ, 196 b

ਇਹ ਅਬੂ ਹੁਰੈਰਾ ਅਤੇ ਹੁਜੈਫਾ (ਰਜ) ਤੋਂ ਰਵਾਇਤ ਹੈ ਕਿ ਅੱਲ੍ਹਾ ਦੇ ਨਬੀ (ਸ.ਅ.ਵ) ਨੇ ਕਿਹਾ: ਅੱਲ੍ਹਾ ਤਾਅਲਾ ਲੋਕਾਂ ਨੂੰ ਇਕੱਠਾ ਕਰੇਗਾ।
ਮੋਮਿਨ ਖੜੇ ਹੋ ਜਾਣਗੇ ਇਥੋਂ ਤੱਕ ਕਿ ਜੰਨਤ ਉਨ੍ਹਾਂ ਦੇ ਨਜ਼ਦੀਕ ਕਰ ਦਿੱਤੀ ਜਾਵੇਗੀ .

ਉਹ ਆਦਮ ਕੋਲ ਆਉਣਗੇ ਅਤੇ ਕਹਿਣਗੇ: ਹੇ ਸਾਡੇ ਪਿਤਾ, ਸਾਡੇ ਲਈ ਜੰਨਤ ਨੂੰ ਖੋਲ੍ਹੋ.
ਆਦਮ ਕਹਿਣਗੇ: ਜਿਸ ਨੇ ਤੁਹਾਨੂੰ ਜੰਨਤ ਤੋਂ ਬਾਹਰ ਕੱਢਿਆ ਉਹ ਤੁਹਾਡੇ ਪਿਤਾ ਆਦਮ ਦਾ ਗੁਨਾਹ ਹੀ ਸੀ।
ਮੈਂ ਅਜਿਹਾ ਕੰਮ ਕਰਨ ਦੇ ਯੋਗ ਨਹੀਂ ਹਾਂ ਬਿਹਤਰ ਹੈ ਤੁਸੀਂ ਮੇਰੇ ਬੇਟੇ ਇਬਰਾਹਿਮ, ਅੱਲ੍ਹਾ ਦੇ ਦੋਸਤ ਕੋਲ ਜਾਓ।
(ਨਬੀ) ਨੇ ਕਿਹਾ: ਉਹ (ਇਬਰਾਹਿਮ) ਕਹੇਗਾ: ਮੈਂ ਇਹ ਕੰਮ ਕਰਨ ਦੇ ਯੋਗ ਨਹੀਂ ਹਾਂ । (ਮੈਂ ਉਹ ਆਦਮੀ ਨਹੀਂ ਹਾਂ ਜੋ ਇਹ ਕੰਮ ਕਰ ਸਕੇ)
ਸੱਚਮੁੱਚ ਮੈਂ ਅੱਲ੍ਹਾ ਦਾ ਦੋਸਤ ਹਾਂ ਸੀ;(ਪਰ ਇਸ ਕੰਮ ਤੋਂ) ਪਿੱਛੇ ਹਾਂ
ਤੁਸੀਂ ਮੂਸਾ ਦੇ ਕੋਲ ਪਹੁੰਚੋ ਜਿਸ ਨਾਲ ਅੱਲ੍ਹਾ ਨੇ ਗੱਲਬਾਤ ਕੀਤੀ ਸੀ।
ਉਹ ਮੂਸਾ ਕੋਲ ਆਉਣਗੇ, ਪਰ ਉਹ ਕਹਿਣਗੇ: ਮੈਂ ਇਹ ਕੰਮ ਕਰਨ ਦੇ ਯੋਗ ਨਹੀਂ ਹਾਂ । (ਮੈਂ ਉਹ ਆਦਮੀ ਨਹੀਂ ਹਾਂ ਜੋ ਇਹ ਕੰਮ ਕਰ ਸਕੇ)
ਤੁਸੀਂ ਬਿਹਤਰ ਈਸਾ , ਅੱਲ੍ਹਾ ਦੇ ਬਚਨ ਅਤੇ ਉਸਦੀ (ਪੈਦਾ ਕਰਦਾ) ਰੂਹ ਕੋਲ ਜਾਓ।
ਈਸਾ ਕਹਿਣਗੇ: ਮੈਂ ਇਹ ਕੰਮ ਕਰਨ ਦੇ ਯੋਗ ਨਹੀਂ ਹਾਂ । (ਮੈਂ ਉਹ ਆਦਮੀ ਨਹੀਂ ਹਾਂ ਜੋ ਇਹ ਕੰਮ ਕਰ ਸਕੇ)
ਇਸ ਲਈ ਉਹ ਮੁਹੰਮਦ (ਸ.ਅ.ਵ) ਕੋਲ ਆਉਣਗੇ। ਫਿਰ ਉਹਨਾਂ ਨੂੰ (ਸਫ਼ਆਤ-ਜੰਨਤ ਦਾ ਦਰਵਾਜ਼ਾ ਖੋਲ੍ਹਣ ਦੀ) ਇਜਾਜ਼ਤ ਦਿੱਤੀ ਜਾਵੇਗੀ।

ਭਰੋਸੇਯੋਗਤਾ ਅਤੇ ਰਿਸ਼ਤੇਦਾਰੀ ਭੇਜੀ ਜਾਵੇਗੀ, ਅਤੇ ਇਹ ਪੁਲ ਸਿਰਾਤ ਦੇ ਸੱਜੇ ਅਤੇ ਖੱਬੇ ਪਾਸੇ ਖੜ੍ਹੇ ਹੋਣਗੇ ਅਤੇ ਤੁਹਾਡੇ ਵਿੱਚੋਂ ਪਹਿਲਾ ਬਿਜਲੀ ਦੀ ਤੇਜੀ ਨਾਲ ਲੰਘੇਗਾ.

ਉਸਨੇ (ਰਾਵੀ ਨੇ) ਕਿਹਾ: ਮੈਂ ਕਿਹਾ, ਹੇ ਨਬੀ ਤੁਸੀਂ ਜੋ ਮੈਨੂੰ ਮੇਰੇ ਪਿਤਾ ਅਤੇ ਮੇਰੀ ਮਾਂ ਨਾਲੋਂ ਵਧੇਰੇ ਪਿਆਰੇ ਹੋ,
ਬਿਜਲੀ ਦੀ ਤੇਜੀ ਦੇ ਲੰਘਣ ਵਰਗੀ ਕਿਹੜੀ ਚੀਜ਼ ਹੈ?
ਨਬੀ (ਸ.ਅ.ਵ) ਨੇ ਕਿਹਾ: ਕੀ ਤੁਸੀਂ ਬਿਜਲੀ ਨਹੀਂ ਵੇਖੀ, ਇਹ ਕਿਵੇਂ ਲੰਘਦੀ ਹੈ ਅਤੇ ਫਿਰ ਅੱਖ ਦੇ ਝਪਕਦਿਆਂ ਹੀ ਵਾਪਸ ਆ ਜਾਂਦੀ ਹੈ?

ਫਿਰ (ਉਹ) ਹਵਾ ਦੇ ਲੰਘਣ ਵਾਂਗ, ਫਿਰ ਪੰਛੀ ਦੇ ਲੰਘਣ ਵਾਂਗ,
ਅਤੇ ਲੋਕਾਂ ਦੀ ਜਲਦਬਾਜ਼ੀ ਉਹਨਾਂ ਦੇ ਕੰਮਾਂ ਦੇ ਅਨੁਸਾਰ ਹੋਵੇਗੀ,
ਅਤੇ ਤੁਹਾਡਾ ਨਬੀ ਪੁਲ ਸਿਰਾਤ 'ਤੇ ਖੜ੍ਹਾ ਕਹਿ ਰਿਹਾ ਹੋਵੇਗਾ: (ਸਲਾਮਤੀ) ਬਚਾਓ, ਹੇ ਮੇਰੇ ਰੱਬ, (ਸਲਾਮਤੀ) ਬਚਾਓ.
(ਲੋਕ ਲੰਘਦੇ ਰਹਿਣਗੇ) ਇੱਥੋਂ ਤੱਕ ਕਿ ਲੋਕਾਂ ਦੇ ਅਮਲ ਉਹਨਾਂ ਨੂੰ ਲੈਕੇ ਜਾਣ ਦਾ ਬਲ ਨਾ ਰੱਖਦੇ ਹੋਏ, ਅਸਫ਼ਲ ਹੋ ਜਾਣਗੇ
ਇੱਥੋਂ ਤੱਕ ਕਿ ਇੱਕ ਅਜਿਹਾ ਆਦਮੀ ਆਵੇਗਾ ਜਿਸ ਵਿੱਚ ਘਿਸੜ-ਘਿਸੜ ਕੇ ਚੱਲਣ ਤੋਂ ਵੱਧ ਤਾਕਤ ਨਾ ਹੋਵੇਗੀ।
ਅਤੇ (ਰਾਵੀ) ਨੇ ਕਿਹਾ: ਅਤੇ (ਪੁਲ ਸਿਰਾਤ) ਦੇ ਪਾਸੇ ਹੁੱਕਾਂ ਨੂੰ ਮੁਅੱਤਲ ਕੀਤਾ ਜਾਵੇਗਾ ਜਿਸ ਨੂੰ ਵੀ ਫੜਨ ਦਾ (ਹੁਕਮ ਹੋਵੇ) (ਫੜ ਲੈਣ)

ਇੱਥੇ ਕੁੱਝ ਲੋਕ ਉਹ ਹੋਣਗੇ ਜੋ ਕਿਸੇ ਨਾ ਕਿਸੇ ਤਰੀਕੇ ਨਾਲ ਉਸ ਮਾਰਗ (ਪੁਲ ਸਿਰਾਤ) ਨੂੰ ਪਾਰ ਕਰਨ ਵਿੱਚ ਸਫਲ ਹੋਣਗੇ ਅਤੇ ਕੁਝ ਜਹਨੰਮ ਵਿੱਚ ਢੇਰ ਹੋ ਜਾਣਗੇ।

ਉਸ ਦੀ ਕਸਮ ਜਿਸ ਦੇ ਹੱਥ ਵਿੱਚ ਅਬੂ ਹੁਰੈਰਾ ਦੀ ਜ਼ਿੰਦਗੀ ਹੈ,ਜਹਨੰਮ ਦੀ ਡੂੰਘਾਈ ਸੱਤਰ ਸਾਲ (ਦੇ ਸਫ਼ਰ) ਦੇ ਬਰਾਬਰ ਹੈ ।
ਸਹੀ ਮੁਸਲਿਮ 195 (380) (482)

ਅਤੇ ਜਿਹੜੇ ਲੋਕ ਆਪਣੇ ਰੱਬ ਤੋਂ ਡਰਦੇ ਸੀ, ਉਨ੍ਹਾਂ ਨੂੰ ਗਿਰੋਹ ਦਰ ਗਿਰੋਹ ਜੰਨਤ ਵੱਲ ਰਵਾਨਾ ਕੀਤੇ ਜਾਣਗੇ ਇੱਥੋਂ ਤੱਕ ਕਿ ਉਹ ਜੰਨਤ ਦੇ ਨਜ਼ਦੀਕ ਪਹੁੰਚ ਜਾਣਗੇ ਅਤੇ ਇਸਦੇ ਦਰਵਾਜ਼ੇ ਖੋਲ੍ਹ ਦਿੱਤੇ ਜਾਣਗੇ ਅਤੇ ਇਸਦੇ ਰਖਵਾਲੇ ਕਹਿੰਦੇ ਹਨ, "ਤੁਹਾਡੇ ਉੱਤੇ ਸਲਾਮ ਹੋਵੇ, ਤੁਸੀਂ ਪਵਿੱਤਰ ਹੋ ਗਏ ਹੋ, ਇਸ ਲਈ ਇਸ ਵਿੱਚ ਸਦਾ ਲਈ ਰਹਿਣ ਲਈ ਦਾਖਲ ਹੋਵੋ" [ਉਹ ਦਾਖਲ ਹੋ ਜਾਣਗੇ]।

ਅਜ਼-ਜ਼ੁਮਰ 39:73

3. ਚਾਚੇ ਅਬੁ ਤਾਲਿਬ ਦੇ ਅਜ਼ਾਬ ਵਿੱਚ ਘਾਟ ਲਈ ਸਫ਼ਆਤ (ਖਾਸ ਸਫ਼ਆਤ)

ਅਬੂ ਸਈਦ ਅਲ-ਖੁਦਰੀ ਰਜ ਨੇ ਕਿਹਾ ਕਿ ਉਹਨਾਂ ਨੇ ਨਬੀ (ਸ.ਅ.ਵ) ਤੋਂ ਸੁਣਿਆ, ਕਿ ਨਬੀ (ਸ.ਅ.ਵ) ਦੇ ਚਾਚਾ (ਅਬੁ ਤਾਲਿਬ) ਦਾ ਜ਼ਿਕਰ ਕੀਤਾ ਜਾ ਰਿਹਾ ਸੀ, ਇਸ ਤੇ ਨਬੀ (ਸ.ਅ.ਵ) ਫਰਮਾਇਆ, "ਸ਼ਾਇਦ ਕਿਆਮਤ ਦੇ ਦਿਨ ਉਹਨਾਂ ਨੂੰ ਮੇਰੀ ਸਿਫ਼ਾਰਿਸ਼ ਕੰਮ ਆ ਜਾਵੇਗੀ। ਅਤੇ ਉਹਨਾਂ ਨੂੰ ਸਿਰਫ ਗਿੱਟਿਆਂ ਤੱਕ ਜਹਨੰਮ ਵਿੱਚ ਰੱਖਿਆ ਜਾਵੇਗਾ।" ਜਿਸ ਨਾਲ ਉਹਨਾਂ ਦਾ ਦਿਮਾਗ ਖੌਲ ਉੱਠੇਗਾ।
ਸਹੀ ਬੁਖ਼ਾਰੀ 3885

4. ਕੁੱਝ ਲੋਕਾਂ ਦੇ ਬਿਨਾਂ ਹਿਸਾਬ-ਕਿਤਾਬ ਜੰਨਤ ਵਿੱਚ ਦਾਖਿਲ ਹੋਣ ਲਈ (ਖਾਸ ਸਫ਼ਾਆਤ)

ਇੱਕ ਦਿਨ ਅੱਲ੍ਹਾ ਦੇ ਨਬੀ (ਸ.ਅ.ਵ) ਕੋਲ ਮੀਟ ਲਿਆਇਆ ਗਿਆ ਅਤੇ ਇੱਕ ਹਿੱਸੇ ਦੀ ਪੇਸ਼ਕਸ਼ ਕੀਤੀ ਗਈ, ਇੱਕ ਹਿੱਸਾ ਜੋ ਉਹਨਾਂ ਨੂੰ ਪਸੰਦ ਸੀ। ਉਹਨਾਂ ਨੇ ਆਪਣੇ ਦੰਦਾਂ ਨਾਲ ਇਸ ਵਿੱਚੋਂ ਇੱਕ ਟੁਕੜਾ ਕੱਟਿਆ ਅਤੇ ਕਿਹਾ: ਮੈਂ ਕਿਆਮਤ ਦੇ ਦਿਨ ਮਨੁੱਖਤਾ ਦਾ ਆਗੂ ਹੋਵਾਂਗਾ। ਕੀ ਤੁਹਾਨੂੰ ਪਤਾ ਹੈ ਕਿਉਂ? ਅੱਲ੍ਹਾ ਕਿਆਮਤ ਦੇ ਦਿਨ (ਮਨੁੱਖ ਜਾਤੀ ਦੇ) ਪਹਿਲਾਂ ਅਤੇ ਬਾਅਦ ਵਾਲਿਆਂ ਨੂੰ ਇੱਕ ਮੈਦਾਨ ਵਿੱਚ ਇਕੱਠਾ ਕਰੇਗਾ। ਫਿਰ ਘੋਸ਼ਣਾ ਕਰਨ ਵਾਲੇ ਦੀ ਅਵਾਜ਼ ਉਨ੍ਹਾਂ ਸਾਰਿਆਂ ਨੂੰ ਸੁਣਾਈ ਦੇਵੇਗੀ ਅਤੇ ਅੱਲਾਹ ਦੀ ਨਜ਼ਰ ਸਭ ਦੇ ਆਰ ਪਾਰ (ਸਭ ਨੂੰ ਦੇਖ ਰਹੀ ਹੋਵੇਗੀ) ਅਤੇ ਸੂਰਜ ਬਹੁਤ ਹੀ ਨਜ਼ਦੀਕ ਕਰ ਦਿੱਤਾ ਜਾਵੇਗਾ। ਲੋਕ ਇਸ ਹੱਦ ਤੱਕ ਦੁੱਖ, ਚਿੰਤਾ ਅਤੇ ਪੀੜਾ ਦਾ ਅਨੁਭਵ ਕਰਨਗੇ ਜਿਸ ਨੂੰ ਉਹ ਸਹਿਣ ਦੇ ਯੋਗ ਨਹੀਂ ਹੋਣਗੇ ਅਤੇ ਉਹ ਖੜੇ ਹੋਣ ਦੇ ਯੋਗ ਨਹੀਂ ਹੋਣਗੇ। ਕੁਝ ਲੋਕ ਦੂਜਿਆਂ ਨੂੰ ਕਹਿਣਗੇ: ਕੀ ਤੁਸੀਂ ਦੇਖਦੇ ਹੋ ਕਿ ਤੁਸੀਂ ਕਿਸ ਮੁਸੀਬਤ ਵਿੱਚ ਹੋ? ਕੀ ਤੂੰ ਨਹੀਂ ਵੇਖਦਾ ਕਿ ਤੈਨੂੰ ਕਿਸ (ਮੁਸੀਬਤ) ਨੇ ਘੇਰ ਲਿਆ ਹੈ? ਤੂੰ ਕੋਈ ਅਜਿਹਾ ਕਿਉਂ ਨਹੀਂ ਲੱਭਦਾ ਜੋ ਤੇਰੇ ਰੱਬ ਕੋਲ ਤੇਰੇ ਲਈ ਸਿਫ਼ਾਰਸ਼ੀ ਕਰੇ? ਕੁਝ ਦੂਜਿਆਂ ਨੂੰ ਕਹਿਣਗੇ: ਆਦਮ ਕੋਲ ਜਾਓ। ਅਤੇ ਉਹ ਆਦਮ ਕੋਲ ਜਾਣਗੇ ਅਤੇ ਕਹਿਣਗੇ: ਹੇ ਆਦਮ, ਤੁਸੀਂ ਮਨੁੱਖਜਾਤੀ ਦੇ ਪਿਤਾ ਹੋ. ਅੱਲ੍ਹਾ ਨੇ ਤੁਹਾਨੂੰ ਆਪਣੇ ਹੱਥ ਨਾਲ ਬਣਾਇਆ ਅਤੇ ਤੁਹਾਡੇ ਅੰਦਰ ਆਪਣੀ ਰੂਹ ਫੂੰਕੀ ਅਤੇ ਫ਼ਰਿਸ਼ਤਿਆਂ ਨੂੰ ਤੁਹਾਡੇ ਅੱਗੇ ਸਜਦਾ ਕਰਨ ਦਾ ਹੁਕਮ ਦਿੱਤਾ। ਸਾਡੇ ਲਈ ਆਪਣੇ ਰੱਬ ਕੋਲ ਬੇਨਤੀ ਕਰੋ ਕੀ ਤੁਸੀਂ ਨਹੀਂ ਦੇਖਦੇ ਕਿ ਅਸੀਂ ਕਿਸ (ਮੁਸੀਬਤ) ਵਿੱਚ ਹਾਂ? ਕੀ ਤੂੰ ਨਹੀਂ ਵੇਖਦਾ ਕਿ ਸਾਡੇ ਉੱਤੇ ਕਿਹੜੀ

(ਮੁਸੀਬਤ) ਆ ਗਈ ਹੈ? ਆਦਮ ਕਹੇਗਾ: ਸੱਚਮੁੱਚ, ਮੇਰਾ ਰੱਬ ਗਜ਼ਬਨਾਕ ਹੈ, ਇਸ ਹੱਦ ਤੱਕ ਕਿ ਉਹ ਪਹਿਲਾਂ ਕਦੇ ਇੰਨਾ ਗਜ਼ਬਨਾਕ ਨਹੀਂ ਹੋਇਆ ਸੀ ਅਤੇ ਨਾ ਹੀ ਇਸਤੋਂ ਬਾਅਦ ਵਿੱਚ ਹੋਵੇਗਾ। ਸੱਚਮੁੱਚ, ਉਸਨੇ ਮੈਨੂੰ ਉਸ ਰੁੱਖ (ਨੇੜੇ ਜਾਣ) ਤੋਂ ਵਰਜਿਆ ਅਤੇ ਮੈਂ ਉਸਦੀ ਅਵੱਗਿਆ ਕੀਤੀ। (ਨਫ਼ਸੀਂ-ਨਫ਼ਸੀਂ) ਮੈਂ ਆਪਣੇ ਆਪ ਨਾਲ ਚਿੰਤਤ ਹਾਂ। ਕਿਸੇ ਹੋਰ ਕੋਲ ਜਾਓ; ਨੂਹ ਕੋਲ ਜਾਓ. ਉਹ ਨੂਹ ਕੋਲ ਆਉਣਗੇ ਅਤੇ ਕਹਿਣਗੇ: ਹੇ ਨੂਹ, ਤੁਸੀਂ ਧਰਤੀ ਉੱਤੇ (ਆਦਮ ਤੋਂ ਬਾਅਦ) ਭੇਜੇ ਗਏ ਪਹਿਲੇ ਰਸੂਲ ਹੋ, ਅਤੇ ਅੱਲ੍ਹਾ ਨੇ ਤੁਹਾਨੂੰ "ਸ਼ੁਕਰਮੰਦ ਸੇਵਕ" ਵਜੋਂ ਨਾਮ ਦਿੱਤਾ ਹੈ, ਸਾਡੇ ਲਈ ਆਪਣੇ ਪ੍ਰਭੂ ਕੋਲ ਬੇਨਤੀ ਕਰੋ। ਕੀ ਤੁਸੀਂ ਨਹੀਂ ਦੇਖਦੇ ਕਿ ਅਸੀਂ ਕਿਸ (ਮੁਸੀਬਤ) ਵਿੱਚ ਹਾਂ? ਕੀ ਤੂੰ ਨਹੀਂ ਵੇਖਦਾ ਕਿ ਸਾਡੇ ਉੱਤੇ ਕਿਹੜੀ (ਮੁਸੀਬਤ) ਆ ਗਈ ਹੈ? ਉਹ ਕਹੇਗਾ: ਸੱਚਮੁੱਚ, ਮੇਰਾ ਰੱਬ ਅੱਜ ਗਜ਼ਬਨਾਕ ਹੈ ਇੰਝ ਉਹ ਪਹਿਲਾਂ ਕਦੇ ਗਜ਼ਬਨਾਕ ਨਹੀਂ ਸੀ, ਅਤੇ ਨਾ ਬਾਅਦ ਵਿੱਚ ਕਦੇ ਹੋਵੇਗਾ। ਮੇਰੇ ਵੱਲੋਂ ਇੱਕ ਸਰਾਪ ਨਿਕਲਿਆ ਸੀ ਜਿਸ ਨਾਲ ਮੈਂ ਆਪਣੇ ਲੋਕਾਂ ਨੂੰ ਸਰਾਪ ਦਿੱਤਾ ਸੀ। (ਨਫ਼ਸੀਂ-ਨਫ਼ਸੀਂ) ਮੈਨੂੰ ਤਾਂ ਆਪਣੇ ਚਿੰਤਾ ਹੈ, ਮੈਂ ਆਪਣੇ ਆਪ ਲਈ ਚਿੰਤਾ ਕਰ ਰਿਹਾ ਹਾਂ; ਤੁਸੀਂ ਬਿਹਤਰ ਹੈ ਇਬਰਾਹੀਮ ਕੋਲ ਜਾਓ। ਉਹ ਇਬਰਾਹੀਮ ਕੋਲ ਜਾਣਗੇ ਅਤੇ ਕਹਿਣਗੇ: ਤੁਸੀਂ ਅੱਲ੍ਹਾ ਦੇ ਰਸੂਲ ਅਤੇ ਧਰਤੀ ਦੇ ਵਾਸੀਆਂ ਵਿੱਚ ਉਸਦੇ ਮਿੱਤਰ ਹੋ; ਸਾਡੇ ਲਈ ਆਪਣੇ ਰੱਬ ਕੋਲ ਬੇਨਤੀ ਕਰੋ। ਕੀ ਤੁਸੀਂ ਨਹੀਂ ਦੇਖਦੇ ਕਿ ਅਸੀਂ ਕਿਸ (ਮੁਸੀਬਤ) ਵਿੱਚ ਹਾਂ? ਕੀ ਤੂੰ ਨਹੀਂ ਵੇਖਦਾ ਕਿ ਸਾਡੇ ਉੱਤੇ ਕਿਹੜੀ (ਮੁਸੀਬਤ) ਆ ਗਈ ਹੈ? ਇਬਰਾਹੀਮ ਉਨ੍ਹਾਂ ਨੂੰ ਕਹੇਗਾ: ਸੱਚਮੁੱਚ, ਮੇਰਾ ਰੱਬ ਅੱਜ ਗਜ਼ਬਨਾਕ ਹੈ ਕਿ ਇਸ ਤਰਾਂ ਉਹ ਪਹਿਲਾਂ ਕਦੇ ਗਜ਼ਬਨਾਕ ਨਹੀਂ ਸੀ ਅਤੇ ਨਾ ਹੀ ਬਾਅਦ ਵਿੱਚ ਹੋਵੇਗਾ। ਅਤੇ (ਇਬਰਾਹਿਮ) ਆਪਣੇ ਝੂਠ ਦਾ ਜ਼ਿਕਰ ਕਰੇਗਾ (ਅਤੇ ਫਿਰ ਕਹੇਗਾ): (ਨਫ਼ਸੀਂ-ਨਫ਼ਸੀਂ) ਮੈਨੂੰ ਸਿਰਫ ਆਪਣੇ ਨਾਲ ਹੀ ਚਿੰਤਾ ਹੈ, ਮੈਨੂੰ ਸਿਰਫ

ਆਪਣੇ ਬਾਰੇ ਹੀ ਚਿੰਤਾ ਹੈ। ਤੁਸੀਂ ਬਿਹਤਰ ਕਿਸੇ ਹੋਰ ਕੋਲ ਜਾਓ: ਮੂਸਾ ਕੋਲ ਜਾਓ। ਉਹ ਮੂਸਾ ਕੋਲ ਆਉਣਗੇ ਅਤੇ ਕਹਿਣਗੇ: ਹੇ ਮੂਸਾ, ਤੁਸੀਂ ਅੱਲ੍ਹਾ ਦੇ ਨਬੀ ਹੋ, ਅੱਲ੍ਹਾ ਨੇ ਤੁਹਾਨੂੰ ਆਪਣੇ ਸੰਦੇਸ਼ਵਾਹਕ ਅਤੇ ਲੋਕਾਂ ਵਿੱਚ ਉਸਦੀ ਗੱਲਬਾਤ ਨਾਲ ਅਸੀਸ ਦਿੱਤੀ ਹੈ। ਸਾਡੇ ਲਈ ਆਪਣੇ ਰੱਬ ਕੋਲ ਸਫ਼ਆਤ ਕਰੋ। ਕੀ ਤੁਸੀਂ ਨਹੀਂ ਦੇਖਦੇ ਕਿ ਅਸੀਂ ਕਿਸ (ਮੁਸੀਬਤ) ਵਿੱਚ ਹਾਂ? ਕੀ ਤੂੰ ਨਹੀਂ ਵੇਖਦਾ ਕਿ ਸਾਡੇ ਉੱਤੇ ਕਿਹੜੀ (ਮੁਸੀਬਤ) ਆ ਗਈ ਹੈ? ਮੂਸਾ ਉਨ੍ਹਾਂ ਨੂੰ ਕਹਿਣਗੇ: ਸੱਚਮੁੱਚ. ਮੇਰਾ ਰੱਬ ਗਜ਼ਬਨਾਕ ਹੈ ਇੰਝ ਉਹ ਪਹਿਲਾਂ ਕਦੇ ਗਜ਼ਬਨਾਕ ਨਹੀਂ ਹੋਇਆ ਅਤੇ ਨਾ ਹੀ ਬਾਅਦ ਵਿੱਚ ਕਦੇ ਹੋਵੇਗਾ। ਮੈਂ, ਅਸਲ ਵਿੱਚ, ਇੱਕ ਵਿਅਕਤੀ ਨੂੰ ਮਾਰਿਆ ਜਿਸਨੂੰ ਮਾਰਨ ਦਾ ਮੈਨੂੰ ਹੁਕਮ ਨਹੀਂ ਦਿੱਤਾ ਗਿਆ ਸੀ। (ਨਫ਼ਸੀਂ-ਨਫ਼ਸੀਂ) ਮੈਂ ਆਪਣੇ ਆਪ ਨਾਲ ਚਿੰਤਤ ਹਾਂ, ਮੈਂ ਆਪਣੇ ਆਪ ਨਾਲ ਸਬੰਧਤ ਹਾਂ। ਤੁਹਾਨੂੰ ਬਿਹਤਰ ਈਸਾ ਕੋਲ ਜਾਓ ਉਹ ਈਸਾ ਕੋਲ ਆਉਣਗੇ ਅਤੇ ਕਹਿਣਗੇ: ਹੇ ਈਸਾ, ਤੁਸੀਂ ਅੱਲ੍ਹਾ ਦੇ ਰਸੂਲ ਹੋ ਅਤੇ ਤੁਸੀਂ ਪੰਘੂੜੇ ਵਿੱਚ ਲੋਕਾਂ ਨਾਲ ਗੱਲਬਾਤ ਕੀਤੀ ਹੈ , (ਤੁਸੀਂ) ਉਸ ਦਾ ਬਚਨ ਹੋ ਜੋ ਮਰਿਯਮ ਉੱਤੇ ਭੇਜਿਆ ਸੀ। ਅਤੇ (ਤੁਸੀਂ) ਉਸਦੀ ਤਰਫ ਤੋਂ ਰੂਹ ਹੋ; ਇਸ ਲਈ ਆਪਣੇ ਰੱਬ ਕੋਲ ਸਾਡੇ ਲਈ ਸਿਫਾਰਸ਼ ਕਰੋ। ਕੀ ਤੁਸੀਂ ਉਹ (ਮੁਸੀਬਤ) ਨਹੀਂ ਦੇਖਦੇ ਜਿਸ ਵਿਚ ਅਸੀਂ ਹਾਂ? ਕੀ ਤੁਹਾਨੂੰ ਉਹ (ਬਦਕਿਸਮਤੀ) ਨਹੀਂ ਦਿਸਦੀ ਜੋ ਸਾਡੇ ਉੱਤੇ ਆ ਗਈ ਹੈ? ਈਸਾ ਕਹਿਣਗੇ: ਸੱਚਮੁੱਚ, ਮੇਰਾ ਰੱਬ ਅੱਜ ਗਜ਼ਬਨਾਕ ਹੈ ਇੰਝ ਉਹ ਪਹਿਲਾਂ ਕਦੇ ਗਜ਼ਬਨਾਕ ਨਹੀਂ ਹੋਇਆ ਅਤੇ ਨਾ ਹੀ ਬਾਅਦ ਵਿੱਚ ਕਦੇ ਹੋਵੇਗਾ। ਉਸਨੇ ਆਪਣੇ ਕਿਸੇ ਪਾਪ ਦਾ ਜ਼ਿਕਰ ਨਹੀਂ ਕੀਤਾ। (ਉਸ ਨੇ ਸਿਰਫ਼ ਕਿਹਾ:) (ਨਫ਼ਸੀਂ-ਨਫ਼ਸੀਂ) ਮੈਂ ਆਪਣੇ ਆਪ ਨਾਲ ਚਿੰਤਤ ਹਾਂ, ਮੈਂ ਆਪਣੇ ਆਪ ਨਾਲ ਸਬੰਧਤ ਹਾਂ; ਤੁਸੀਂ ਕਿਸੇ ਹੋਰ ਕੋਲ ਜਾਓ: ਬਿਹਤਰ ਮੁਹੰਮਦ (ਸ.ਅ.ਵ) ਕੋਲ ਜਾਓ। ਉਹ ਮੇਰੇ ਕੋਲ ਆਉਣਗੇ ਅਤੇ ਕਹਿਣਗੇ: ਹੇ ਮੁਹੰਮਦ, ਤੁਸੀਂ ਅੱਲ੍ਹਾ ਦੇ ਰਸੂਲ ਅਤੇ ਆਖਰੀ ਨਬੀ ਹੋ। ਅੱਲ੍ਹਾ ਨੇ ਤੁਹਾਡੇ ਪਿਛਲੇ ਅਤੇ ਬਾਅਦ ਦੇ

